ਸ਼ੇਰ ਸਿੰਘ ਕੰਵਰ



# ਅਨੰਦਪੁਰ ਧਾਮ ਦਿੱਲੀ



# ਆਨੰਦਪੁਰ ਬਨਾਮ ਦਿੱਲੀ

(ਕਾਵਿ-ਸੰਗ੍ਰਹਿ)

ਸ਼ੇਰ ਸਿੰਘ ਕੰਵਲ

**ਅਜੰਤਾ ਪ੍ਰਕਾਸ਼ਨ**

**80-ਕੋਟ ਮਿੱਤ ਸਿੰਘ, ਅੰਮ੍ਰਿਤਸਰ**

# Anadpur Banaam Delhi
(poetry)

**By Prof. Sher Singh Kawal M.A.**
**Guru Nanak Colleagr, Moga. pb.**

ਲੇਖਕ ਦੀਆਂ ਹੋਰ ਰਚਨਾਵਾਂ:

- ♣ ਗੁਲਾਬ ਫਾਨੂਸ ਤੇ ਬਰਫ਼ (ਕਵਿਤਾ)
- ♣ ਪੱਥਰ ਦੀ ਅੱਖ (ਕਵਿਤਾ)
- ♣ ਪੰਜਾਬ ਦੇ ਮੇਲੇ
- ♣ ਸੁਭੱਦਰਾ ਇਕ ਅਧਿਐਨ (ਅਲੋਚਨਾ)

© ਲੇਖਕ

ਪ੍ਰਕਾਸ਼ਕ
ਅਜੰਤਾ ਪ੍ਰਕਾਸ਼ਨ
80-ਕੋਟ ਮਿਤ ਸਿੰਘ,
ਤਰਨ ਤਾਰਨ ਰੋਡ,
ਅੰਮ੍ਰਿਤਸਰ।

ਛਾਪਕ
ਪ੍ਰਭਜੋਤ ਪ੍ਰਿੰਟਿੰਗ ਪ੍ਰੈਸ,
ਸੁਲਤਾਨ ਵਿੰਡ ਰੋਡ,
ਬਹਾਦਰ ਨਗਰ,
ਅੰਮ੍ਰਿਤਸਰ।

ਮੁੱਲ-6 ਰੁਪਏ

# ਸ੍ਰੀ ਅੰਮ੍ਰਿਤਸਰ ਸਾਹਿਬ 400-ਸਾਲਾ ਸਥਾਪਨਾ ਦਿਵਸ ਦੇ ਪਵਿੱਤਰ ਅਵਸਰ 'ਤੇ

ਖਾਲਸਾ ਪੰਥ ਦੇ ਪ੍ਰਕਾਸ਼-ਸਤੰਭ
ਅਤੇ
ਕੌਮ ਦੇ ਮਹਾਨ ਨੇਤਾ
ਗੁਰਚਰਨ ਸਿੰਘ ਟੌਹੜਾ
(ਐਮ. ਪੀ.)
ਪ੍ਰਧਾਨ ਸ਼੍ਰੋਮਣੀ ਗੁ: ਪ੍ਰਬੰਧਕ ਕਾਮੇਟੀ,
(ਅੰਮ੍ਰਿਤਸਰ)
ਨੂੰ
ਜਿਹਨਾਂ ਨਾਲ ਪੰਜਾਬੀ ਸੂਬਾ ਅੰਦੋਲਨ ਦੀ
ਜਿਹਲ ਯਾਤਰਾ ਸਮੇਂ ਬਿਤਾਏ ਦਿਨ ਮੇਰੀਆਂ ਅਭੁਲ-
ਯਾਦਾਂ ਹਨ।

# ਪ੍ਰਵੇਸ਼ਕਾ

ਇਹ ਅਤਿਅੰਤ ਪ੍ਰਸੰਨਤਾ ਅਤੇ ਮਾਣ ਵਾਲੀ ਗੱਲ ਹੈ ਕਿ ਪ੍ਰੋਫੈਸਰ ਸ਼ੇਰ ਸਿੰਘ ਕੰਵਲ ਦੀ ਪੁਸਤਕ 'ਆਨੰਦਪੁਰ ਬਨਾਮ ਦਿੱਲੀ' ਸ੍ਰੀ ਅੰਮ੍ਰਿਤਸਰ ਸਾਹਿਬ ਦੇ ੪੦੦-ਸਾਲਾ ਸਥਾਪਨਾ ਦਿਵਸ ਦੇ ਸੰਬੰਧ ਵਿਚ ਪ੍ਰਕਾਸ਼ਤ ਕੀਤੀ ਜਾ ਰਹੀ ਹੈ। ਅਜਿਹੇ ਪਵਿੱਤਰ ਅਵਸਰ 'ਤੇ ਅਜਿਹੀ ਉੱਚ ਕੋਟੀ ਦੀ ਰਚਨਾ ਦਾ ਪਾਠਕਾਂ ਤੀਕ ਪਹੁੰਚਣਾ ਨਿਸਚੇ ਹੀ ਗੌਰਵ ਵਾਲੀ ਗੱਲ ਹੈ। ਪਰੋਫ਼ੈਸਰ ਕੰਵਲ ਪੰਜਾਬੀ ਦੇ ਉਹ ਕਵੀ ਹਨ ਜਿਹਨਾਂ ਨੇ ਆਪਣੀਆਂ ਨਿਵੇਕਲੀਆਂ ਕਵਿਤਾਵਾਂ ਤੇ ਗ਼ਜ਼ਲਾਂ ਨਾਲ ਪੰਜਾਬੀ ਸਾਹਿਤ ਵਿਚ ਕਾਫ਼ੀ ਜਾਣਿਆਂ-ਪਛਾਣਿਆਂ ਨਾਂ ਹੈ। 'ਪੱਥਰ ਦੀ ਅੱਖ' ਪਿੱਛੋਂ ਉਹਨਾਂ ਦੀਆਂ ਗ਼ਜ਼ਲਾਂ ਅਤੇ ਕਵਿਤਾਵਾਂ ਦੀ ਇਕ ਉਚਤਮ ਕਿਰਤ 'ਗੁਲਾਬ ਫਾਨੂਸ ਅਤੇ ਬਰਫ਼' ਹੁਣੇ ਹੁਣੇ ਛਪੀ ਹੈ। ਪਰ ਮੈਂ ਉਹਨਾਂ ਦੀ ਇਕ ਨਵੀਂ ਅਤੇ ਵਿਲੱਖਣ ਰਚਨਾ 'ਆਨੰਦਪੁਰ ਬਨਾਮ ਦਿੱਲੀ' ਬਾਰੇ ਕੁਝ ਸ਼ਬਦ ਲਿਖਣ ਦੀ ਖੁਸ਼ੀ ਲੈ ਰਿਹਾ ਹਾਂ ਜਿਸ ਵਿਚ ਉਹਨਾਂ ਨੇ ਆਪਣੀ ਧਾਰਮਿਕ ਅਤੇ ਸਿਆਸੀ ਸੂਝ ਉਜਿਆਰਿਆ ਹੈ।

ਪ੍ਰੋਫੈਸਰ ਕੰਵਲ ਨੂੰ ਧਾਰਮਿਕ ਵਾਤਾਵਰਣ ਗੁੜ੍ਹਤੀ ਵਿਚ ਮਿਲਿਆ ਹੈ। ਅਤੇ ਇਸ ਵਾਤਾਵਰਣ ਦਾ ਪ੍ਰਭਾਵ ਉਹਨਾਂ ਦੀ ਸ਼ਖ਼ਸ਼ੀਅਤ ਤੇ ਅਮਿੱਟ ਹੈ। ਇਸ ਤੋਂ ਬਿਨਾਂ ਉਹ ਲਗ ਪਗ ਪਿਛਲੇ 20 ਸਾਲਾਂ ਤੋਂ ਸਿੱਖ ਸਿਆਸਤ ਨਾਲ ਬਾਵਸਤਾ ਹਨ। ਉਸ ਸਿੱਖ ਕੌਮ ਦੇ ਦਿਮਾਗ਼ ਗਿਆਨੀ ਕਰਤਾਰ ਸਿੰਘ ਜੀ ਦੇ ਬਹੁਤ ਨਿਕਟ ਵਰਤੀ ਰਹੇ ਹਨ। ਉਨ੍ਹਾਂ ਨੇ ਬਾਲ ਅਵਸਥਾ ਵਿਚ ਜਿਹਲ ਯਾਤਰਾ ਕਰਨ ਦੀ ਕੁਰਬਾਨੀ ਕੀਤੀ ਹੈ, ਜਿਥੇ ਉਨ੍ਹਾਂ ਨੂੰ ਪੰਥ ਦੇ ਮਹਾਨ ਨੇਤਾ ਸਃ ਗੁਰਚਰਨ ਸਿੰਘ ਟੌਹੜਾ ਦੇ ਨਜ਼ਦੀਕ ਰਹਿਣ ਦਾ ਅਵਸਰ ਪ੍ਰਾਪਤ ਹੋਇਆ ਹੈ। ਉਨ੍ਹਾਂ ਨੇ ਸਮੇਂ ਸਮੇਂ ਹਰ ਪੰਥਕ ਜਦੋ-ਜਹਿਦ ਤੇ ਅੰਦੋਲਨਾ ਵਿਚ ਯਥਾ ਸ਼ਕਤ ਯੋਗਦਾਨ ਦਿੱਤਾ ਹੈ। ਇਸ ਲਈ ਪੰਥ ਅਤੇ ਕੌਮ ਦਾ ਪਿਆਰ ਉਨ੍ਹਾਂ ਦੇ ਦਿਲ ਵਿਚ ਕੁਟ ਕੁਟ ਕੇ ਭਰਿਆ ਪਿਆ ਹੈ। ਸਿੱਖ ਧਰਮ ਵਿਚ ਉਨ੍ਹਾਂ ਦਾ ਅਟੱਲ ਵਿਸ਼ਵਾਸ਼ ਹੈ। ਇਸੇ ਦਾ ਹੀ ਸਦਕਾ ਹੈ ਕਿ ਉਹਨਾਂ ਆਪਣੀ ਇਸ ਨਵੀਂ ਪੁਸਤਕ ਵਿਚ ਅਜੋਕੇ ਕਵੀਆਂ ਤੋਂ ਐਨ ਉਲਟ ਅਤੇ ਸਲਾਹੁਣ ਯੋਗ ਗੱਲ ਇਹ ਕੀਤੀ ਹੈ ਕਿ ਪੁਸਤਕ ਦੇ ਪਹਿਲੇ ਹਿੱਸੇ ਵਿਚ ਆਪਣੀਆਂ ਛੇ ਧਾਰਮਿਕ ਕਵਿਤਾਵਾਂ ਸੰਕਲਿਤ ਕੀਤੀਆਂ ਹਨ।

ਪੁਸਤਕ ਦੀ ਪਹਿਲੀ ਕਵਿਤਾ ਜਿਸ ਉਪਰ ਇਸ ਕਾਵਿ ਪੁਸਤਕ ਦਾ ਨਾਂ ਰੱਖਿਆ ਗਿਆ ਹੈ, ਇਕ ਉਹ ਰਚਨਾ ਹੈ। ਜੋ ਉਨ੍ਹਾਂ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਤੀਸਰੀ ਸ਼ਹੀਦੀ ਸ਼ਤਾਬਦੀ ਦੇ ਸਬੰਧ ਵਿਚ ਰਚੀ ਸੀ। ਇਹ ਕਵਿਤਾ ਸਿੱਖ ਸੰਸਾਰ ਵਿਚ ਕਾਫ਼ੀ ਸਲਾਹੀ ਗਈ ਸੀ। ਇਸ ਵਿਚ ਕਵੀ ਨੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦਾ ਅਨੂਠਾ ਤੇ ਅਨੁਪਮ ਬਿਆਨ ਕੀਤਾ ਹੈ। ਪਰ ਨਾਲ ਦੀ ਨਾਲ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮੁੱਖੋਂ ਆਨੰਦਪੁਰ ਦੇ ਸ਼ਬਦਾਂ ਵਿਚ ਦਿੱਲੀ ਦੀ, ਵਕਤ ਦੀ ਜ਼ਾਲਮ ਸਰਕਾਰ ਨੂੰ ਖ਼ਾਲਸਾ ਪੰਥ ਦੀ ਸਿਰਜਣਾ ਦੇ ਮੰਤਵ ਦਾ ਸੰਦੇਸ਼ ਪਹੁੰਚਾਇਆ ਹੈ। ਕਵੀ ਨੇ ਬੜੇ ਹੀ ਜ਼ੋਰਦਾਰ ਸ਼ਬਦਾਂ ਵਿਚ ਇਹ ਦੱਸਿਆ ਹੈ ਤੇ ਆਉਂਦੇ ਸਮੇਂ ਵਿਚ ਵੀ ਉਹ ਜ਼ੁਲਮ ਦਾ ਮੁਕਾਬਲਾ ਖਿੜੇ ਮੱਥੇ ਕਰਦਾ ਰਹੇਗਾ। ਕਵੀ ਲਿਖਦਾ ਹੈਃ-

ਆਨੰਦਪੁਰ ਜਾਗਦਾ ਦਿੱਲੀਏ
ਆਨੰਦਪੁਰ ਜਾਗਦੇ ਰਹਿਣਾ।
ਜ਼ੁਲਮ ਨੂੰ ਮਾਰਦਾ ਦਿੱਲੀਏ

ਜ਼ੁਲਮ ਇਸ ਮਾਰਦੇ ਰਹਿਣਾ॥
ਨੀਚ ਸਤਿਕਾਰਦਾ ਦਿੱਲੀਏ
ਇਹਨੇ ਸਤਿਕਾਰਦੇ ਰਹਿਣਾ!!!
ਸੱਚ ਲਈ ਵਾਰਦਾ ਜਿੰਦੜੀ
ਇਹਨੇ ਸਦਾ ਵਾਰਦੇ ਰਹਿਣਾ
ਦਿੱਲੀ ਏ! ਜ਼ੁਲਮ ਦੇ ਕਿੰਗਰੇ
ਆਨੰਦਪੁਰ ਤੋੜਦਾ ਰਹਿਸੀ।
ਜ਼ੁਲਮ ਦੀ ਧਾਰ ਨੂੰ ਦਿੱਲੀਏ
ਆਨੰਦਪੁਰ ਮੋੜਦਾ ਰਹਿਸੀ!!"

ਇਹ ਕਵਿਤਾ ਸਿੱਖ ਧਰਮ ਸਬੰਧੀ ਉਂਗਲਾਂ 'ਤੇ ਗਿਣੀਆਂ ਜਾ ਸਕਣ ਵਾਲੀਆਂ ਚੰਗੀਆਂ ਨਜ਼ਮਾਂ ਵਿਚੋਂ ਇਕ ਹੈ।

ਦੂਸਰੀ ਕਵਿਤਾ ਵੰਗਾਰ ਕਵੀ ਦੀ ਉਹ ਅਮਰ ਰਚਨਾ ਹੈ, ਜੋ ਉਨ੍ਹਾਂ ਨੇ ਸਿੰਘ ਸਭਾ ਸ਼ਤਾਬਦੀ ਦੇ ਅਵਸਰ ਦੇ ਸੰਬੰਧ ਵਿਚ ਲਿਖੀ ਸੀ। ਇਸ ਕਵਿਤਾ ਵਿਚ ਉਨ੍ਹਾਂ ਨੇ ਸਿਖ ਇਤਿਹਾਸ ਨੂੰ ਜਿਸ ਤਰਤੀਬ ਦੇ ਮਹੱਤਵਪੂਰਨ ਨਾਲ ਚਿੱਤਰਿਆ ਹੈ। ਉਸ ਦੀ ਮਿਸਾਲ ਮੈਨੂੰ ਸਿੱਖ ਇਤਿਹਾਸ ਸਬੰਧੀ ਹੋਰ ਕਿਸੇ ਵੀ ਕਵਿਤਾ ਵਿਚ ਨਹੀਂ ਮਿਲੀ। ਇਹ ਕਵਿਤਾ ਕੌਮ ਲਈ ਸਚਮੁਚ ਇਕ ਵੰਗਾਰ ਹੈ। ਜਿਸ ਅਧੋਗਤੀ ਵਿਚੋਂ ਅੱਜ ਅਸੀਂ ਲੰਘ ਰਹੇ ਹਾਂ, ਉਸ ਵਿਚ ਇਸ ਕਵਿਤਾ ਦਾ ਵੱਡੇ ਪੈਮਾਨੇ ਵਿਚ ਛਾਇਆ ਕਰਕੇ ਵੰਡਿਆ ਜਾਣਾ ਖ਼ਾਸ ਕਰਕੇ ਨਵੀਂ ਪੀੜ੍ਹੀ ਦੇ ਨੌਜਵਾਨਾ ਲਈ ਬੜਾ ਕਾਰਾਗਰ ਸਾਬਤ ਹੋ ਸਕਦਾ ਹੈ। ਇਹ ਪ੍ਰੋਫੈਸਰ ਸਾਹਿਬ ਦੀ ਸਿੱਖ ਇਤਿਹਾਸ ਸੰਬੰਧੀ ਬਹੁਤ ਹੀ ਮਹੱਤਵਪੂਰਨ ਤੇ ਯਾਦਗਾਰੀ ਰਚਨਾ ਹੈ।

ਤੀਜੀ ਕਵਿਤਾ 'ਗੁਰੂ ਗੋਬਿੰਦ ਸਿੰਘ ਮਾਰਗ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਉਦੇਸ਼ਾਂ ਤੇ ਚੱਲਣ ਤੋਂ ਉਲਟ ਪੰਜਾਬ ਦੇ ਪਿਛਲੇ ਹਾਕਮਾਂ ਵੱਲੋਂ ਉਹਨਾਂ ਦੇ ਨਾਂ 'ਤੇ ਆਪ ਮਾਰਗ ਬਣਾਉਣ ਦੇ ਪਾਖੰਡ ਤੇ ਜ਼ਬਰਦਸਤ ਵਿਅੰਗ ਹੈ। ਇਸ ਕਵਿਤਾ ਵਿਚ ਕਵੀ ਨੇ ਘੱਟੋ ਘੱਟ ਸ਼ਬਦਾਂ ਵਿਚ ਜਿੰਨੀ ਵੀ ਵੱਧ ਤੋਂ ਵੱਧ ਗੱਲ ਆਖੀ ਜਾ ਸਕਦੀ ਸੀ, ਆਖੀ ਹੈ।

ਉਹਨਾਂ ਦੀ ਚੌਥੀ ਕਵਿਤਾ 'ਅੰਮ੍ਰਿਤਸਰ ਸਿਫ਼ਤੀ ਦਾ ਘਰ' ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਥਾਪਨਾ ਦਿਵਸ ਤੇ ਰਚੀ ਗਈ ਉਹ ਰਚਨਾ ਹੈ ਜਿਸ ਵਿਚ ਉਹਨਾਂ ਨੇ ਪੂਰਨ ਸ਼ਰਧਾ ਅਤੇ ਸਤਿਕਾਰ ਨਾਲ ਗੁਰੂ ਕੀ ਨਗਰੀ ਦਾ ਸਮੁੱਚਾ ਇਤਿਹਾਸ ਸਿੱਖ ਸੰਸਰ ਸਾਹਮਣੇ ਰਖਿਆ ਹੈ। ਮੇਰੀ ਜਾਤੀ ਰਾਇ ਹੈ ਕਿ ਸਥਾਪਨਾ ਦਿਵਸ ਦੇ ਸਬੰਧ ਵਿਚ ਰਚੀ ਗਈ ਅਜਿਹੀ ਸੁੰਦਰ ਰਚਨਾ ਨੂੰ ਇਸ ਦਿਨ ਅਖ਼ਬਾਰਾਂ, ਰਿਸਾਲਿਆਂ, ਰੇਡੀਓ ਤੇ ਟੀ. ਵੀ. ਰਾਹੀਂ ਵਧ ਤੋਂ ਵਧ ਸਿਖ ਸੰਗਤਾਂ ਤਕ ਪਹੁੰਚਾਇਆ ਜਾਣਾ ਚਾਹੀਦਾ ਹੈ। ਚੰਗਾ ਹੋਵੇ ਜੇ ਇਸ ਦਿਨ ਤੇ ਪੈਂਫਲਿਟ ਦੇ ਰੂਪ ਵਿਚ ਛਾਪ ਕੇ ਸੰਗਤਾਂ ਵਿਚ ਵਡੇ ਪੈਮਾਨੇ ਤੇ ਵੰਡਣ ਦਾ ਉੱਦਮ ਕੀਤਾ ਜਾਵੇ।

ਪੰਜਵੀਂ ਕਵਿਤਾ 'ਨਾਨਕ ਦੇ ਨਾਂ' ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 500ਸਾਲਾਂ ਪ੍ਰਕਾਸ਼ ਉਤਸਵ ਦੇ ਸਬੰਧ ਵਿਚ ਰਚੀ ਗਈ ਰਚਨਾ ਹੈ ਜਿਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦੇ ਪਿਛੋਕੜ ਵਿਚ ਹੋਏ ਜ਼ੁਲਮਾਂ ਤੇ ਉਨ੍ਹਾਂ ਵਲੋਂ ਇਸ ਜ਼ੁਲਮ ਨੂੰ ਨਿਵਾਰਨ ਦੀ ਗਾਥਾ ਬੜੇ ਸੁੰਦਰ ਸ਼ਬਦਾਂ ਵਿਚ ਕਹੀ ਗਈ ਹੈ।

ਇਸੇ ਤਰ੍ਹਾਂ ਛੇਵੀਂ ਕਵਿਤਾ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 300

ਸਾਲਾ ਪ੍ਰਕਾਸ਼ ਉਤਸਵ 'ਤੇ ਲਿਖੀ ਵਧੀਆ ਕਿਰਤ ਹੈ।

ਪੁਸਤਕ ਦੇ ਦੂਸਰੇ ਭਾਗ ਵਿਚ ਐਮਰਜੈਂਸੀ ਸਬੰਧੀ ਕਵਿਤਾਵਾਂ ਅੰਕਿਤ ਹਨ। ਇਸ ਹਿਸੇ ਦੀ ਪਹਿਲੀ ਕਵਿਤਾ 'ਪੰਚਾਇਤ' ਸਾਡੇ ਦੇਸ਼ ਦੇ ਪਿਛਲੇ ਹੁਕਮਰਾਨਾ ਵਲੋਂ ਦੇਸ਼ ਵਿਚ ਐਮਰਜੈਂਸੀ ਲਾ ਕੇ ਦੇਸ਼ ਵਾਸੀਆਂ ਤੇ ਤਸ਼ੱਦਦ ਕਰਨ ਦੀ ਗੱਲ ਬਹੁਤ ਹੀ ਸੁਖੈਨ ਅਤੇ ਸੁੰਦਰ ਸ਼ਬਦਾਂ ਵਿਚ ਕਹੀ ਗਈ ਹੈ। ਇਹ ਕਵਿਤਾ ਐਮਰਜੈਂਸੀ ਸਬੰਧੀ ਲਿਖੀਆਂ ਗਈਆਂ ਮੇਰੀ ਨਜ਼ਰ ਚੋਂ ਲੰਘੀਆਂ ਕਵਿਤਾਵਾਂ ਵਿਚੋਂ ਮੈਨੂੰ ਸਭ ਤੋਂ ਵਧੇਰੇ ਪ੍ਰਭਾਵਸ਼ਾਲੀ ਲੱਗੀ ਹੈ।

'ਮੇਰੇ ਵਤਨ' ਕਵਿਤਾ ਵੀ ਅਜਿਹੇ ਹੀ ਵਿਅੰਗ ਵਾਲੀ ਐਮਰਜੈਂਸੀ ਦੇ ਅਰਸੇ ਦੌਰਾਨ ਲਿਖੀ ਕਵਿਤਾ ਹੈ ਜਿਸਦੀ ਲਪੇਟ ਵਿਚ ਕਵੀ ਨੇ ਪੂਰੇ ਦੇ ਪੂਰੇ ਮੁਲਕ ਨੂੰ ਲੈ ਲਿਆ ਹੈ ਅਤੇ ਬੜੀ ਸੂਝ ਅਤੇ ਚਤੁਰਤਾ ਨਾਲ ਮੁਲਕ ਦੀ ਅਸਲੀ ਤਸਵੀਰ ਪਾਠਕਾਂ ਸਾਹਮਣੇ ਰੱਖ ਦਿਤੀ ਹੈ। ਇਹ ਇਕ ਬਹੁਤ ਲੰਬੀ ਤੇ ਬਹੁਤ ਚੰਗੀ ਨਜ਼ਮ ਹੈ।

ਕਵਿਤਾ 'ਇਲਾਜ' ਵੀ ਐਮਰਜੈਂਸੀ ਦੇ ਸਮੇਂ ਵਿਚ ਪਰਿਵਾਰ ਨਿਯੋਜਨ ਦੇ ਨਾਂ ਤੇ ਹੋਏ ਜ਼ੁਲਮ ਅਤੇ ਤਸ਼ੱਦਦ ਤੇ ਇਕ ਆਪਣੀ ਹੀ ਕਿਸਮ ਦਾ ਵਾਰ ਹੈ। ਇਸ ਕਵਿਤਾ ਵਿਚ ਕਵੀ ਨੇ ਬੁਧੀ ਜੀਵੀਆਂ ਤੇ ਨੀਤੀਵਾਨਾਂ ਆਦਿ ਤੇ ਵਿਅੰਗ ਕਰਕੇ ਭੁਖ ਵਰਗੀ ਲਾਹਣਤ ਵੱਲ ਵੀ ਸਾਡਾ ਧਿਆਨ ਦਿਵਾਇਆ ਹੈ।

ਅਖੀਰ 'ਤੇ ਉਨ੍ਹਾਂ ਨੇ 'ਮੇਰਾ ਪਿੰਡ' ਕਵਿਤਾ ਵਿਚ ਆਪਣੇ ਪਿੰਡ ਦੀ ਪੂਰੀ ਤਸਵੀਰ ਖਿੱਚੀ ਹੈ। ਇਹ ਤਸਵੀਰ ਕਵੀ ਦੇ ਪਿੰਡ ਦੀ ਹੀ ਨਹੀਂ ਸਗੋਂ ਸਮੁੱਚੇ ਪੰਜਾਬ ਦੇ ਹਰ ਪਿੰਡ ਦੀ ਜਿਉਂਦੀ ਜਾਗਦੀ ਤਸਵੀਰ ਹੈ। ਇਸ ਕਵਿਤਾ ਵਿਚ ਉਨ੍ਹਾਂ ਨੇ ਨਿੱਕੇ ਨਿੱਕੇ ਵੇਰਵੇ ਨਾਲ ਪਿੰਡ ਪਿਆਰ ਦਾ ਮੋਹ ਭਰਿਆ ਵਰਨਣ ਕੀਤਾ ਹੈ।

ਅੰਤ ਵਿਚ ਮੈਂ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਸਥਾਪਨਾ ਦਿਵਸ ਦੇ ਪਵਿੱਤਰ ਅਵਸਰ 'ਤੇ ਇਹ ਅਦੁਤੀ ਪੁਸਤਕ ਸਿੱਖ ਸੰਗਤਾਂ ਨੂੰ ਭੇਟ ਕਰਨ ਵਿਚ ਖੁਸ਼ੀ ਅਨੁਭਵ ਕਰਦਾ ਹੋਇਆ ਪੰਜਾਬ ਸਰਕਾਰ, ਸ਼ਰੋਮਣੀ ਕਮੇਟੀ, ਯੂਨੀਵਰਸਿਟੀਆਂ, ਸਿੱਖ ਸੰਸਥਾਵਾਂ, ਅਤੇ ਸਮੂਹ ਸੰਗਤਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਪ੍ਰੋ ਸਾਹਿਬ ਦੀ ਇਸ ਲਾਸਾਨੀ ਕਿਰਤ ਨੂੰ ਜੀ ਆਇਆਂ ਆਖ ਕੇ ਪੂਰਾ ਸਨਮਾਨ ਦੇਣ। ਪ੍ਰੋ: ਸਾਹਿਬ ਨੂੰ ਵੀ ਮੈਂ ਬੇਨਤੀ ਕਰਾਂਗਾ ਕਿ ਉਹ ਆਪਣੀ ਕਲਮ ਦਾ ਰੁਖ ਸਿੱਖ ਧਰਮ, ਸਿੱਖ-ਵਿਰਸੇ ਤੇ ਸਿੱਖ ਇਤਿਹਾਸ ਵਲ ਮੋੜਨ ਤਾਂ ਕਿ ਕੌਮ ਉਨ੍ਹਾਂ ਦੀਆਂ ਸੇਵਾਵਾਂ ਤੋਂ ਪੂਰਾ ਪੂਰਾ ਲਾਭ ਉਠਾ ਸਕੇ।

ਅੰਤ ਵਿਚ ਮੈਂ ਪ੍ਰੋ: ਸਾਹਿਬ ਨੂੰ ਉਨ੍ਹਾਂ ਦੀ ਇਸ ਉਚਤਮ ਕਿਰਤ 'ਤੇ ਹਾਰਦਿਕ ਮੁਬਾਰਕਬਾਦ ਦੇਂਦਾ ਹਾਂ!

**ਬਿਲਾਸਪੁਰ**
25.9.77

**ਗੁਰਦੇਵ ਸਿੰਘ ਸ਼ਾਂਤ**
**ਐਮ. ਐਲ. ਏ.**
**ਜੂ: ਮੀ: ਪ੍ਰਧਾਨ ਸ਼੍ਰੋ: ਗੁ: ਪ੍ਰ: ਕਮੇਟੀ।**
**ਸ੍ਰੀ ਅੰਮ੍ਰਿਤਸਰ।**

## • ਆਨੰਦਪੁਰ ਬਨਾਮ ਦਿੱਲੀ

ਦਿੱਲੀ ਦੇ ਦਿਲ 'ਚ ਖੜਕੀ ਹੈ–
ਆਨੰਦਪੁਰ ਬਹੁਤ ਅੱਥਰਾ ਹੈ
ਇਹਦੇ ਗੁਸਤਾਖ਼ ਬੋਲਾਂ ਨੇ
ਤਖ਼ਤ ਦਾ ਚੈਨ ਖੋਇਆ ਹੈ

ਮੁਲਕ ਤਾਂ ਘੂਕ ਸੁੱਤਾ ਸੀ
ਹਨੇਰੀ ਰਾਤ ਦੇ ਵਾਂਗੂੰ।
ਸ਼ਾਹੀ ਫ਼ੁਰਮਾਨ ਸੁਣਦਾ ਸੀ
ਇਲਾਹੀ ਬਾਤ ਦੇ ਵਾਂਗੂੰ–

"ਦਿੱਲੀ ਦੇ ਤਖ਼ਤ ਦੇ ਬਾਝੋਂ
ਕਿਸੇ ਸਿਰ ਤਾਜ ਨਾ ਹੋਵੇ।
ਜੇ ਆਲਮਗੀਰ ਨਹੀਂ ਦੂਜਾ
ਤਾਂ ਦੂਜਾ ਰਾਜ ਨਾ ਹੋਵੇ।
ਰਾਗ ਨੂੰ ਦਫ਼ਨ ਕਰ ਦੇਵੋ
ਕਿਤੇ ਕੋਈ ਸਾਜ਼ ਨਾ ਹੋਵੇ।
ਧਰਮ ਇਸਲਾਮ ਹੈ ਇੱਕੋ
ਦੂਜੀ ਆਵਾਜ਼ ਨਾ ਹੋਵੇ।
ਇਹ ਸਾਰੀ ਖ਼ਲਕ ਹੈ ਉਸਦੀ
ਖ਼ੁਦਾ ਮੁਲਕ ਇਹ ਸਮਝੋ।
ਜੀਹਦੇ 'ਤੇ ਕਰਮ ਹੈ ਉਸਦਾ
ਉਸੇ ਨੂੰ ਹੀ ਮਲਕ ਸਮਝੋ।

ਸ਼ਾਹੀ ਫ਼ੁਰਮਾਨ ਦੇ ਸਾਹਵੇਂ
ਮੁਲਕ ਜੇ ਸਿਰ ਝੁਕਾਉਂਦਾ ਹੈ।
ਆਨੰਦਪੁਰ ਕੌਣ ਹੁੰਦਾ ਹੈ
ਜੋ ਇਸ ਤੋਂ ਹਿਚਕਾਉਂਦਾ ਹੈ?

ਜਾਵੋ ਪੈਗ਼ਾਮ ਦੇ ਦੇਵੋ
ਦਿੱਲੀ ਦਾ ਤਾਜ ਕਹਿੰਦਾ ਹੈ–
"ਅਜੇ ਵੀ ਸਮਝ ਜਾ ਕਾਫ਼ਿਰ
ਇਹ ਸੌਦਾ ਬਹੁਤ ਮਹਿੰਗਾ ਹੈ!
ਤੂੰ ਦਿੱਲੀ ਤਖ਼ਤ ਹੱਥ ਵਿਚਲੀ
ਅਜੇ ਤਲਵਾਰ ਨਹੀਂ ਦੇਖੀ।
ਉਹ ਕਰੜੇ ਹੱਥ ਨਹੀਂ ਦੇਖੇ
ਤੇ ਕਰੜੀ ਮਾਰ ਨਹੀਂ ਦੇਖੀ।
ਆਨੰਦਪੁਰ ਬਹੁਤ ਬੱਚਾ ਹੈ!
ਤੂੰ ਉਮਰੋਂ ਬਹੁਤ ਕੱਚਾ ਹੈ!!
ਤਜੇ ਹੀ ਤੇਜ ਤੱਤਾ ਹੈਂ
ਤੇ ਏਨਾ ਮਾਣ ਮੱਤਾ ਹੈਂ!!!"

ਸ਼ਾਹੀ ਫ਼ੁਰਮਾਨ ਨੂੰ ਸੁਣਕੇ
ਆਨੰਦਪੁਰ ਬਹੁਤ ਹੱਸਦਾ ਹੈ।
ਹਰਫ਼ ਹਰ ਨਾਗ਼ ਬਣ ਖ਼ਤ ਦਾ
ਉਹਨੂੰ ਪਰ ਡੱਸਦਾ ਹੈ।

ਇਵੇਂ ਹੀ ਵਕਤ ਤੁਰਦਾ ਹੈ!
ਦਿੱਲੀ ਦਾ ਤਖ਼ਤ ਤੁਰਦਾ ਹੈ!!
ਮੁਲਕ ਦਾ ਦਰਦ ਤੁਰਦਾ ਹੈ!!!

ਆਨੰਦਪੁਰ ਨਗਰ ਹੈ ਕੈਸਾ
ਜਿਥੇ ਹਰ ਰੋਜ਼ ਰਾਤਾਂ ਨੂੰ
ਪੁਨਮ ਦਾ ਚੰਨ ਚੜ੍ਹਦਾ ਹੈ!
ਸ਼ਹਿਰ ਦੀ ਕੁਖ ਦੇ ਅੰਦਰ
ਸੂਰਜ ਇੱਕ ਤੇਜ਼ ਤੇ ਤੱਤਾ
ਕਿਰਨਾਂ ਦੇ ਬਾਣ ਘੜਦਾ ਹੈ!!

ਤੂਫ਼ਾਨੀ ਰਾਤ ਹੈ ਕਾਲੀ
ਨਿਤਾਣੇ ਰੁਖ ਡਰਦੇ ਨੇ।
ਬੜਾ ਹੀ ਕਸ਼ਟ ਜਰਦੇ ਨੇ!
ਬੜਾ ਹੀ ਰੁਦਨ ਕਰਦੇ ਨੇ!!

ਦਿੱਲੀ ਦਾ ਦਿਲ ਦਰਿੰਦਾ ਹੈ
ਦਿੱਲੀ ਦਾ ਤਖ਼ਤ ਜ਼ਾਲਮ ਹੈ
ਬੜਾ ਹੀ ਸਿਤਮ ਢਾਂਦਾ ਹੈ।
ਸਵਾ ਮਣ ਮਹਿਕ ਸੁੱਚੀ ਨੂੰ
ਸਿਤਮਗਰ ਕਤਲ ਕਰਦਾ ਹੈ
ਤੇ ਰੋਟੀ ਫਿਰ ਖਾਂਦਾ ਹੈ।
ਹਨੇਰਾ ਸ਼ੂਕਦਾ ਜੰਗਲ
ਅਮੌਤੀ ਮੌਤ ਵਰਦਾ ਹੈ।
ਚਾਨਣ ਦੀ ਕਿਰਨ ਦੇ ਬਾਝੋਂ
ਵਿਚਾਰਾ ਰੋਜ਼ ਮਰਦਾ ਹੈ।

ਤੇ ਇਕ ਰੋਜ਼ ਆਉਂਦਾ ਹੈ
ਦਿੱਲੀ ਦੇ ਤਖ਼ਤ ਤੋਂ ਸਤ ਕੇ
ਨਿਤਾਣੇ ਰੁੱਖ ਕੰਬਦੇ ਨੇ।
ਸੋਚ ਦਾ ਸਫ਼ਰ ਕਰ ਕਰ ਕੇ
ਨਿਕਰਮੇ ਅੰਤ ਹੰਭਦੇ ਨੇ।

ਤੇ ਫਿਰ ਇਕ ਸੋਚ ਦੇ ਅੰਦਰ
ਆਨੰਦਪੁਰ ਸ਼ਹਿਰ ਖੜਦਾ ਹੈ!
ਜਿੱਥੇ ਇੱਕ ਚੰਨ ਪੁਨਮ ਦਾ
ਰਾਤਾਂ ਨੂੰ ਰੋਜ਼ ਚੜ੍ਹਦਾ ਹੈ!

ਸੂਰਜ ਇਕ ਤੇਜ਼ ਤੇ ਤੱਤਾ
ਕਿਰਨਾਂ ਦੇ ਬਾਣ ਘੜਦਾ ਹੈ!!

ਰੁੱਖਾਂ ਦੇ ਸਹਿਮਦੇ ਸਾਏ
ਆਨੰਦਪੁਰ ਫੇਰ ਆਉਂਦੇ ਨੇ।
ਪੁਨਮ ਦੇ ਚੰਨ ਦੇ ਸਾਹਵੇਂ
ਉਹ ਆਪਣੀ ਬਾਤ ਪਾਉਂਦੇ ਨੇ।
ਹੰਝੂਆਂ ਦੇ ਹੜ੍ਹ 'ਚ ਹੜ੍ਹਦੇ ਉਹ
ਬੜਾ ਹੀ ਤਿਲਮਲਾਉਂਦੇ ਨੇ।
ਜ਼ਖ਼ਮਾਂ ਦੀ ਪੀੜ ਨੂੰ ਦੱਸਦੇ
ਕਿੰਨਾਂ ਹੀ ਸਟਪਟਾਉਂਦੇ ਨੇ!!

ਰੁੱਖਾਂ ਦੀ ਬਾਤ ਨੂੰ ਸੁਣਕੇ
ਚੰਨ ਕੋਈ ਸੋਚ ਘੜਦਾ ਹੈ।
ਏਹਨੇ ਵਿਚ ਸੋਹਲ ਸੂਰਜ ਵੀ
ਉਹਦੇ ਆ ਕੋਲ ਖੜਦਾ ਹੈ।
ਜਦੋਂ ਉਹ ਬਾਲ ਸੂਰਜ ਨੂੰ
ਦਸਦਾ ਹੈ ਦਾਸਤਾਂ ਸਾਰੀ।
ਕਿ ਪੀੜ ਇਹ ਦੂਰ ਕਰਦੇਗਾ
ਕੋਈ ਵੀ ਪਾਸਬਾਂ ਸਾਰੀ।

ਸੂਰਜ ਦੀ ਜੀਭ ਨਿੱਕੀ ਤੋਂ
ਵੱਡੇ ਤਦ ਬੋਲ ਸੁਣਦੇ ਨੇ।
ਸੂਰਜ ਚੰਨ ਬੈਠ ਕੇ ਦੋਵੇਂ
ਮੁਲਕ ਦੀ ਪੀੜ ਪੁਣਦੇ ਨੇ।

ਫੇਰ ਜਦ ਚੰਦ ਸੂਰਜ ਦੇ
ਨਿੱਕੇ ਜਿਹੇ ਸੁਹਲ ਧਰਦਾ ਹੈ।
ਅਲਵਿਦਾ ਆਖ ਕੇ ਉਸਨੂੰ
ਜੰਗਲ ਦਾ ਸਫ਼ਰ ਕਰਦਾ ਹੈ
ਰੁੱਖਾਂ ਦੇ ਪਾਸ ਜਾ ਜਾ ਕੇ
ਜਦੋਂ ਉਹ ਬਾਤ ਪਾਂਦਾ ਹੈ।
ਚਾਨਣ ਦੇ ਬੀਜ ਬੋਂਦਾ ਹੈ
ਕਿਰਨਾਂ ਦਾ ਮੀਂਹ ਵਰ੍ਹਾਂਦਾ ਹੈ।

ਦਿੱਲੀ ਦਾ ਤਖ਼ਤ ਵਾਕਿਫ਼ ਹੈ
ਤੇ ਜ਼ਾਲਮ ਬਹੁਤ ਸੜਦਾ ਹੈ।
ਚੰਨ ਦੀ ਗੱਲ ਨੂੰ ਸੁਣ ਕੇ
ਉਹਨੂੰ ਕੋਈ ਨਾਗ਼ ਲੜਦਾ ਹੈ!
ਅਤੇ ਕੋਈ ਤਾਪ ਚੜ੍ਹਦਾ ਹੈ!!

ਤਖ਼ਤ ਦੇ ਹੁਕਮ ਦੇ ਬੱਧੇ
ਤਖ਼ਤ ਦੇ ਪਾਲਤੂ ਕੁੱਤੇ
ਉਹਦੀ ਹਰ ਬੋਲ ਨੂੰ ਚੁਣ ਕੇ
ਤਾਜ ਦੇ ਕੰਨ ਟੁੰਗਦੇ ਨੇ।
ਚੰਨ ਦੇ ਬੋਲ ਨੂੰ ਸੁਣ ਕੇ
ਤਖ਼ਤ ਦਾ ਦਿਲ ਦਹਿਲਦਾ ਹੈ!
ਤਖ਼ਤ ਬੇਚੈਨ ਟਹਿਲਦਾ ਹੈ!!

ਉਹਦੀ ਅੱਖ ਨੀਂਦ ਤੋਂ ਊਣੀ
ਹਨੇਰਾ ਝਾਗਦੀ ਰਹਿੰਦੀ।
ਚੰਨ ਦੇ ਸੁਪਨ ਤੋਂ ਡਰਦੀ
ਰਾਤਾਂ ਨੂੰ ਜਾਗਦੀ ਰਹਿੰਦੀ।
ਕਦੇ ਪਰ ਜਾਗਦੇ ਉਸਨੂੰ
ਖ਼ੌਫ਼ ਦਾ ਖ਼ਾਬ ਆਉਂਦਾ ਹੈ।
ਜੀਹਦੇ ਵਿੱਚ ਚੰਨ ਪੁਨਮ ਦਾ
ਗਗਨ ਵਿਚ ਪੈਲ ਪਾਉਂਦਾ ਹੈ।
ਜੀਹਦੇ ਵਿੱਚ ਜੂਝਦਾ ਚਾਨਣ
ਹਨੇਰਾ ਕਤਲ ਕਰਦਾ ਹੈ।
ਦਿੱਲੀ ਦੇ ਤਖ਼ਤ ਦਾ ਸਾਇਆ
ਜੀਹਦੇ ਵਿੱਚ ਰੋਜ਼ ਮਰਦਾ ਹੈ।
ਤਖ਼ਤ ਇਸ ਖ਼ਾਬ ਨੂੰ ਤੱਕ ਕੇ
ਜਾਣੀਦੀ ਬਹੁਤ ਡਰਦਾ ਹੈ।
ਜੀਂਦੇ-ਜੀਅ ਤਾਜ ਹੈ ਕਿਹੜਾ
ਜੁ ਆਪਣੀ ਮੌਤ ਵਰਦਾ ਹੈ?
ਗੁੱਸੇ ਵਿੱਚ ਤਖ਼ਤ ਕੰਬਦਾ ਤਦ
ਅੱਖਾਂ ਵਿਚ ਰੱਤ ਭਰਦਾ ਹੈ।
"ਚੰਨ ਨੂੰ ਪਕੜ ਲੈ ਆਵੋ"
ਤਖ਼ਤ ਇਹ ਹੁਕਮ ਕਰਦਾ ਹੈ।

ਇਵੇਂ ਫਿਰ ਬਾਤ ਚੱਲਦੀ ਹੈ!
ਇਹ ਕਾਲੀ ਰਾਤ ਚਲਦੀ ਹੈ!!
ਜੰਗਲ ਵਿੱਚ ਚੰਨ ਦੇ ਮੱਥੇ
ਕੋਈ ਪ੍ਰਭਾਤ ਪਲਦੀ ਹੈ!!

ਤਖ਼ਤ ਦੇ ਹੁਕਮ ਦੇ ਬੱਧੇ
ਤਖ਼ਤ ਦੇ ਪਾਲਤੂ ਕੁੱਤੇ
ਕਿਸੇ ਇਕ ਸ਼ਹਿਰ ਦੇ ਅੰਦਰ
ਉਹ ਚੰਨ ਨੂੰ ਘੇਰ ਖੜਦੇ ਹਨ।
ਜਿੱਥੇ ਚੰਨ ਨਾਲ ਕੁਝ ਤਾਰੇ
ਗਗਨ ਵਿੱਚ ਰੋਜ਼ ਚੜ੍ਹਦੇ ਹਨ।

ਉਹ ਸਾਰੇ ਚੰਨ ਤੇ ਤਾਰੇ
ਇਸੇ ਥਾਂ ਪਕੜ ਲੈਂਦੇ।
ਜੰਜ਼ੀਰੀ ਜਕੜ ਨੇ ਲੈਂਦੇ।

ਤੇ ਫਿਰ ਇਕ ਰੋਜ਼ ਜ਼ਾਲਮ ਨੂੰ
ਤਖ਼ਤ ਦਰਬਾਰ ਲਾਉਂਦਾ ਹੈ।
ਭਰੇ ਦਰਬਾਰ ਦੇ ਅੰਦਰ
ਪੁਨਮ ਦੇ ਚੰਨ ਦੇ ਸਾਹਵੇਂ
ਉਹ ਆਪਣੀ ਬਾਤ ਪਾਉਂਦਾ ਹੈ:-
"ਚੰਨ ਤੂੰ ਬਹੁਤ ਚੰਗਾ ਹੈਂ
ਤੇਰਾ ਸਤਿਕਾਰ ਕਰਦਾ ਹਾਂ
ਤੈਨੂੰ ਇਤਬਾਰ ਨਹੀਂ ਆਉਣਾ
ਮੈਂ ਤੈਨੂੰ ਪਿਆਰ ਕਰਦਾ ਹਾਂ
ਪ੍ਰਸ਼ਨ ਪਰ ਇਕ ਇਹ ਕੇਹਾ
ਮੇਰੇ ਮਨ ਰੋਜ਼ ਰਹਿੰਦਾ ਹੈ।
ਖ਼ੁਦਾ ਨੂੰ ਇਕ ਤੂੰ ਆਖੇਂ
ਇਹੀਓ ਇਸਲਾਮ ਕਹਿੰਦਾ ਹੈ।
ਭਲਾ ਇਸਲਾਮ ਤੋਂ ਵੱਖਰੀ
ਫੇਰ ਤੂੰ ਗੱਲ ਕਿਉਂ ਕਰਦੈਂ?
ਨਿਗੂਣੀ ਗੱਲ ਦੇ ਪਿੱਛੇ
ਤੂੰ ਏਨਾ ਕਸ਼ਟ ਕਿਉਂ ਜਰਦੈਂ?
ਕਿਉਂ ਮੇਰੀ ਦੁਸ਼ਮਣੀ ਵਰਦੈਂ
ਅਮੌਤੀ ਮੌਤ ਕਿਉਂ ਮਰਦੈਂ?
ਆ ਜਾ ਇਸਲਾਮ ਦੇ ਅੰਦਰ
ਇਹ ਸਾਰਾ ਕੁਫ਼ਰ ਤੂੰ ਤਜ ਦੇ।
ਕ੍ਰਿਸ਼ਮਾ ਜਾਂ ਵਿਖਾ ਕੋਈ
ਜਾਂ ਅੱਜ ਤੋਂ ਜ਼ਿੰਦਗੀ ਛੱਡ ਦੇ।"

ਤਖ਼ਤ ਦੇ ਪ੍ਰਸ਼ਨ ਨੂੰ ਸੁਣਕੇ
ਚੰਨ ਫਿਰ ਮੁਸਕਰਾਉਂਦਾ ਹੈ।
"ਤੂੰ ਸਿਰ ਨੂੰ ਹੀ ਕਲਮ ਕਰ ਲੈ"
ਚੰਨ ਫਿਰ ਕਹਿ ਸੁਣਾਉਂਦਾ ਹੈ।
ਚੰਨ ਦਾ ਬੋਲ ਸੁਣਦੇ ਹੀ
ਤਖ਼ਤ ਦੀ ਅੱਖ ਮੱਘਦੀ ਹੈ।
ਜਾਣੀ ਕੋਈ ਅੱਗ ਲੱਗਦੀ ਹੈ।
ਤਾਜ ਫਿਰ ਜ਼ਹਿਰ ਦੇ ਪਿੰਜਰੇ
ਚੰਨ ਨੂੰ ਬੰਦ ਕਰਦਾ।
ਤੇ ਇਸ ਵਿਚ ਚੰਨ ਇਹ ਸੋਹਣਾ
ਬੜਾ ਹੀ ਕਸ਼ਟ ਹੈ ਜਰਦਾ।

ਚੰਨ ਦੇ ਨਾਲ ਦੇ ਤਾਰੇ
ਤਖ਼ਤ ਜਾ ਜ਼ਬਰ ਜਰਦੇ ਨੇ।
ਉਹ ਉਸਦੀ ਅੱਖ ਦੇ ਸਾਹਵੇਂ
ਮੌਤ ਨਾਲ ਜੂਝ ਮਰਦੇ ਨੇ!
ਤੇ ਉਸਦਾ ਸ਼ੁਕਰ ਕਰਦੇ ਨੇ!!

ਤੇ ਫਿਰ ਉਹ ਰੋਜ਼ ਆਉਂਦਾ ਹੈ
ਜਦੋਂ ਇਕ ਚੌਂਕ ਦੇ ਅੰਦਰ
ਚੰਨ ਦਾ ਫੁੱਲ ਖਿੜਦਾ ਹੈ!
ਜ਼ਬਰ ਤੇ ਸਬਰ ਦਾ ਮੱਘਦਾ
ਜਦੋਂ ਇੱਕ ਯੁੱਧ ਛਿੜਦਾ ਹੈ!!
ਦਿੱਲੀ ਦੇ ਸ਼ਹਿਰ ਸੰਗ ਸਿੱਧਾ
ਆਨੰਦਪੁਰ ਸ਼ਹਿਰ ਭਿੜਦਾ ਹੈ!!!

ਤਖ਼ਤ ਦੇ ਹੁਕਮ ਦੇ ਬੱਧੇ
ਜ਼ਾਲਮ ਜੱਲਾਦ ਦੇ ਹੱਥੋਂ
ਜਦੋਂ ਤਲਵਾਰ ਵਰ੍ਹਦੀ ਹੈ।
ਸੁਨਿਹਰੀ ਚੰਨ ਦੇ ਟੁਕੜੇ
ਉਹ ਚੰਦਰੀ ਕਰ ਗੁਜ਼ਰਦੀ ਹੈ।

ਚਾਂਦਨੀ ਚੌਂਕ ਦੇ ਅੰਦਰ
ਚੰਨ ਦੇ ਸੋਹਲ ਪਿੰਡੇ ਦਾ
ਖ਼ੂੰਨ ਜੇ ਡੁੱਲ੍ਹ ਸਕਦਾ ਹੈ।
ਤਾਂ ਕੋਈ ਇਤਿਹਾਸ ਦਾ ਵਰਕਾ
ਸ਼ਹਾਦਤ ਦੀ ਕਹਾਣੀ ਨੂੰ
ਭਲਾ ਕਿੰਝ ਭੁਲ ਸਕਦਾ ਹੈ?

ਕਹਿਰ ਦੀ ਰਾਤ ਕਾਲੀ ਵਿੱਚ
ਜਦੋਂ ਇਹ ਕਹਿਰ ਟੁੱਟਦਾ ਹੈ।
ਤਦੋਂ ਅਸਮਾਨ ਵਿਚੋਂ
ਕੋਈ ਤੂਫ਼ਾਨ ਛੁੱਟਦਾ ਹੈ।
ਕਹਿਰ ਤੂਫ਼ਾਨ ਵਿੱਚ ਡੁੱਬਾ
ਦਿੱਲੀ ਦਾ ਸ਼ਹਿਰ ਡਰਦਾ ਹੈ।
ਤਾਰਾ ਇਕ ਚੰਨ ਦਾ ਪਿਆਰਾ
ਚੁੱਕ ਇਕ ਚੰਨ ਟੁੱਕੜੇ ਨੂੰ
ਫਿਰ ਆਪਣੇ ਘਰ 'ਚ ਧਰਦਾ ਹੈ।
ਹੱਥੀਂ ਘਰ ਫੂਕ ਕੇ ਆਪਣਾ
ਉਹਦਾ ਸਸਕਾਰ ਕਰਦਾ ਹੈ।

ਤਾਰਾ ਇਕ ਹੋਰ ਐਸਾ ਹੀ
ਰਹਿੰਦੇ ਚੁੱਕ ਚੰਨ-ਟੁਕੜੇ ਨੂੰ
ਆਨੰਦਪੁਰ ਪਹੁੰਚ ਜਾਂਦਾ ਹੈ।

ਅੱਖਾਂ ਵਿੱਚ ਹੰਝੂ ਭਰ ਕੇ ਉਹ
ਸਾਰੀ ਹੀ ਦਾਸਤਾਂ ਬੀਤੀ
ਸੂਰਜ ਦੀ ਝੋਲ ਪਾਂਦਾ ਹੈ।

ਆਨੰਦਪੁਰ ਸ਼ਹਿਰ ਦੇ ਅੱਖੀਂ
ਬੜਾ ਹੀ ਮੋਹ ਉਮੱਡਦਾ ਹੈ
ਤੇ ਅੱਥਰੂ ਟਪਕ ਪੈਂਦੇ ਨੇ।
ਆਨੰਦਪੁਰ ਸ਼ਹਿਰ ਦੇ ਮੱਥੇ,
ਬੜਾ ਹੀ ਰੋਹ ਉਮੱਡਦਾ ਹੈ
ਅੰਗਾਰੇ ਭਬਕ ਪੈਂਦੇ ਨੇ।

ਤੇ ਫਿਰ ਇਤਿਹਾਸ ਤੁਰਦਾ ਹੈ!
ਵਕਤ ਦਾ ਮੋੜ ਮੁੜਦਾ ਹੈ!!
ਤੇ ਜਦ ਇਸ ਸ਼ਹਿਰ ਦਾ ਵਾਰਸ
ਸੂਰਜ ਉਹ ਤੇਜ਼ ਤੇ ਤੱਤਾ
ਅੱਗ ਦਾ ਗੀਤ ਗਾਂਦਾ ਹੈ।
ਦਿੱਲੀ ਵੱਲ ਮੂੰਹ ਕਰਕੇ ਤੇ
ਉਹ ਆਪਣੀ ਤੇਗ਼ ਚੁੰਮਦਾ ਹੈ
ਅਤੇ ਇੱਕ ਕਸਮ ਖਾਂਦਾ ਹੈ:–

"ਆਨੰਦਪੁਰ ਜਾਗਦਾ ਦਿੱਲੀਏ
ਆਨੰਦਪੁਰ ਜਾਗਦੇ ਰਹਿਣਾ!
ਜ਼ੁਲਮ ਨੂੰ ਮਾਰਦਾ ਦਿੱਲੀਏ
ਜ਼ੁਲਮ ਨੂੰ ਮਾਰਦੇ ਰਹਿਣਾ!!
ਨੀਚ ਸਤਿਕਾਰਦਾ ਦਿੱਲੀਏ
ਨੀਚ ਸਤਿਕਾਰਦੇ ਰਹਿਣਾ!!!
ਸੱਚ ਲਈ ਵਾਰਦਾ ਜਿੰਦੜੀ
ਇਹਨੇ ਸਦਾ ਵਾਰਦੇ ਰਹਿਣਾ!!!!

"ਦਿੱਲੀਏ! ਜ਼ੁਲਮ ਦੇ ਕਿੰਗਰੇ,
ਆਨੰਦਪੁਰ ਤੋੜਦਾ ਰਹਿਸੀ!
ਜ਼ੁਲਮ ਦੀ ਧਾਰ ਨੂੰ ਦਿੱਲੀਏ
ਆਨੰਦਪੁਰ ਮੋੜਦਾ ਰਹਿਸੀ!!"

♣

# ਵੰਗਾਰ

ਹੈ ਵਕਤ ਦੀ ਆਵਾਜ਼ ਇਹ ਜਾਗੋ ਮਲਾਹੋ ਜਾਗ ਪਓ!
ਭੰਵਰਾਂ 'ਚ ਬੇੜੀ ਕੌਮ ਦੀ ਐ ਨਾ-ਖ਼ੁਦਾਓ ਜਾਗ ਪਓ!!

ਜਾਗੋ ਨਾਨਕ ਦੇ ਵਾਰਸੋ! ਉਇ ਬਾਲਿਓ ਮਰਦਾਨਿਓਂ!!
ਦਸਮੇਸ਼ ਜੀ ਦੇ ਦੂਲਿਓ! ਪ੍ਰਵਾਨਿਓ!! ਦੀਵਾਨਿਓਂ!!!

ਨਲੂਏ ਦੇ ਨਿੱਕੇ ਵੀਰਿਓ! ਤਾਰੂ ਦੀ ਅੱਖ ਦੇ ਤਾਰਿਓ!!
ਬੰਦੇ ਦੇ ਅਣਖੀ ਬੰਦਿਓ! ਸ਼ਰਾਰਿਓ!! ਅੰਗਾਰਿਓ!!!

ਜਾਗੋ ਐ ਕਿਰਤੀ ਕਾਮਿਓਂ! ਜਾਗੋ ਕਿਸਾਨੋ ਜਾਗ ਪਓ!!
ਐ ਬੱਚਿਓ! ਐ ਬੁੱਢਿਓ!! ਐ ਨੌਜਵਾਨੋ ਜਾਗ ਪਓ!!!ੲ

ਜਾਗੋ ਐ ਕਵੀਓ ਰਹਿਬਰੋ! ਤਕਦੀਰ ਘੜ ਲਓ ਕੌਮ ਦੀ।
ਹੈ ਕੌਮ ਡੁਬਦੀ ਜਾ ਰਹੀ ਤਦਬੀਰ ਕਰ ਲਓ ਕੌਮ ਦੀ।

ਨੀਲੇ ਦੇ ਸ਼ਾਹ ਸਵਾਰ ਨੇ ਜੁ ਬਾਗ਼ ਲਾਇਆ ਸੀ ਕਦੇ।
ਪਰ ਰੱਤ ਆਪਣੇ ਬਾਪ ਦੀ ਪਾਣੀ ਲਗਾਇਆ ਸੀ ਕਦੇ।

ਇਹ ਕੀ ਚੁਫੇਰੇ ਹੋ ਰਿਹੈ? ਕਿ ਚਮਨ ਉਹ ਵੀਰਾਨ ਹੈ।
ਕਲੀਆਂ ਦੇ ਹਾਸੇ ਕਿਰ ਗਏ ਫੁੱਲਾਂ ਚੋਂ ਉਡੀ ਸ਼ਾਨ ਹੈ।

ਨੇ ਬੁਲਬੁਲਾਂ ਅੱਜ ਰੋਂਦੀਆਂ ਕੋਈ ਗੀਤ ਹੇਠੋਂ ਕਿਰ ਗਿਆ।
ਪਤਝੜ ਦਾ ਹੂੰਝਾ ਫਿਰ ਗਿਆ ਰੰਗਾਂ ਦਾ ਮੌਸਮ ਤੁਰ ਗਿਆ।

ਜਾਂ ਮਹਿਲ ਨੀਹਾਂ ਜਿਸਦੀਆਂ ਵਿਚ ਕੁੱਟੀਆਂ ਸਨ ਹੱਡੀਆਂ।
ਗਾਰਾ ਸੀ ਲਾਇਆ ਮਿੱਝ ਦਾ ਤੇ ਸੀਸ-ਇੱਟਾਂ ਗੱਡੀਆਂ।

ਇਸ ਮਹਿਲ ਦੀ ਉਹ ਸ਼ਾਨ ਨਾ, ਅਫਸੋਸ ਹੈ ਅਫਸੋਸ ਹੈ।
ਸਾਨੂੰ ਨਾ ਕੋਈ ਹੋਸ਼ ਹੈ! ਸਾਡਾ ਸਾਰਾ ਦੋਸ਼ ਹੈ!!

ਸਿੱਖੀ ਦਾ ਸੋਹਣਾ ਮਹਿਲ ਇਹ ਇਕ ਸਧਰ ਹੈ ਦਿਲ ਦੀ।
ਇਸ ਘਰ ਨੂੰ ਰਲਕੇ ਸਾਂਭ ਲਓ ਜੇ ਕਦਰ ਹੈ ਗੋਬਿੰਦ ਦੀ।

ਗੋਬਿੰਦ ਜਿਸ ਦੀ ਤੇਗ ਨੇ ਸੋਹਣਾ ਸਜਾਇਆ ਖਾਲਸਾ।
ਗਿੱਦੜਾਂ ਨੂੰ ਕੀਤਾ ਸ਼ੇਰ ਤੇ ਲੱਖੀਂ ਲੜਾਇਆ ਖਾਲਸਾ।

ਅੰਮ੍ਰਿਤ ਦੀ ਦੇ ਕੇ ਦਾਤ ਫਿਰ ਉਹ ਸ਼ਹਿਨਸ਼ਾਹ ਸੀ ਬੋਲਿਆ:
"ਹੈ ਗੁਰੂ ਮੇਰਾ ਖਾਲਸਾ ਮੈਂ ਖਾਲਸੇ ਤੋਂ ਘੋਲਿਆ।

ਹੈ ਰੂਪ ਮੇਰਾ ਖਾਲਸਾ ਤੇ ਇਸ 'ਚ ਮੇਰਾ ਵਾਸ ਹੈ।
ਹੈ ਜਾਨ ਮੇਰੀ ਖਾਲਸਾ ਤੇ ਖਾਲਸਾ ਹੀ ਸਾਸ ਹੈ।

ਜਦੋਂ ਤੀਕਰ ਖਾਲਸਾ ਜੱਗ ਤੋਂ ਨਿਆਰਾ ਰਹੇਗਾ।
ਮੈਂ ਤੇਜ ਦਿੰਨਾਂ ਆਪਣਾ ਇਸ ਵਿਚ ਹੀ ਸਾਰਾ ਰਹੇਗਾ।

ਪਰ ਜਦ ਇਹ ਮੇਰਾ ਖਾਲਸਾ ਬਿਪਰਨ ਦੀ ਰੀਤ ਫੜੇਗਾ।
ਗੋਬਿੰਦ ਸਿੰਘ ਬੱਸ ਸਮਝ ਲੌ ਪਰਤੀਤ ਨਾ ਕਰੇਗਾ।

ਰਹਿਣੀ 'ਚ ਜਿਹੜਾ ਰਹੇਗਾ ਉਹ ਸਿੱਖ ਮੇਰਾ ਹੋਏਗਾ।
ਗੋਬਿੰਦ ਦਾ ਉਹ ਸਾਹਿਬ ਹੈ ਗੋਬਿੰਦ ਚੇਰਾ ਹੋਏਗਾ।"

ਪਰ ਯਾਦ ਕਰਕੇ ਦੋਸਤੋ ਉਸ ਹੱਕ-ਹੱਕ-ਅੰਦੇਸ਼ ਨੂੰ।
ਉਸ ਨਾਸਰੋ ਮਨਸੂਰ ਨੂੰ ਉਸ ਬਾਦਸ਼ਾਹ ਦਰਵੇਸ਼ ਨੂੰ।

ਦੱਸੋ ਜੋ ਉਸ ਨੇ ਸੌਂਪਿਆਂ ਕਿੰਨਾਂ ਕੁ ਨਿਬਦਾ ਫ਼ਰਜ਼ ਹੈ?
ਉਸ ਸ਼ਹਿਨਸ਼ਾਹ ਦਾ ਸਿਰਾਂ ਤੋਂ ਕਿੰਨਾਂ ਕੁ ਲੱਥਾ ਕਰਜ਼ ਹੈ?

ਕਿੰਨੇ ਕੁ ਸਾਡੇ ਸੰਗ ਨੇ ਕਿਰਦਾਰ ਉਹ ਗੋਬਿੰਦ ਦੇ?
ਕਿੰਨੇ ਕੁ ਸਾਂਭੇ ਹਨ ਅਸਾਂ ਕੱਕਾਰ ਉਹ ਗੋਬਿੰਦ ਦੇ?

ਹੋ ਜਾਣਦੇ? ਕਿ ਜ਼ਬਰ ਲਈ ਤਲਵਾਰ ਫੜਦੈ ਖ਼ਾਲਸਾ!
ਮਜ਼ਲੂਮ ਦਾ ਪਰ ਯਾਰ ਬਣ ਅੱਗੇ ਹੋ ਲੜਦੈ ਖਾਲਸਾ!!

ਵੈਰੀ ਨਾਲ ਦਿਨ ਭਰ ਜੂਝਦਾ ਗੋਬਿੰਦ ਦਾ ਇਹ ਮਨਚਲਾ।
ਅਰਦਾਸ ਵਿਚ ਪਰ ਸ਼ਾਮ ਨੂੰ ਉਸਦਾ ਵੀ ਮੰਗਦਾ ਹੈ ਭਲਾ॥

ਪਰ ਖਾਲਸਾ ਜੀ ਦੱਸਿਓ ਕਿੰਨੀ ਕੁ ਸਾਡੀ ਸ਼ਾਨ ਹੈ?
ਕਿੰਨਾ ਕੁ ਉਸ ਦਰਬਾਰ ਵਿਚ ਅੱਜ ਖਾਲਸਾ ਪਰਵਾਨ ਹੈ?

ਬਾਬੇ ਬਕਾਲੇ ਵਾਂਗ ਫਿਰ ਦੰਭੀ ਲਗਾਉਂਦੇ ਮੰਜੀਆਂ।
ਇਸ ਖਾਲਸਾ ਪ੍ਵਾਰ ਵਿਚ ਫਿਰ ਪੈ ਗਈਆਂ ਨੇ ਵੰਡੀਆਂ।

ਰਣਜੀਤ ਸੀ ਜੁ ਜਿੱਤਦਾ ਅੱਜ ਜਿਤ ਕੇ ਵੀ ਹਾਰਿਐ।
ਤੇ ਖਾਲਸਾ ਦਰਬਾਰ ਨੂੰ ਖ਼ੁਦਗਰਜ਼ੀਆਂ ਨੇ ਮਾਰਿਐ।

ਤਾਂਹੀਓ ਦਿਆਲਾ ਦੇਗ ਚੋਂ ਹੈ ਤੁਸਾਂ ਨੂੰ ਵੰਗਾਰਦਾ।
ਹੱਸਿਆ ਜੁ ਚੜ੍ਹ ਕੇ ਚਰਖੜੀ ਸ਼ਾਹਬਾਜ਼ ਭੁੱਬਾਂ ਮਾਰਦਾ।

ਜ਼ੋਰਾਵਰ ਤੇ ਫ਼ਤਹ ਨੇ ਲਲਕਾਰਿਐ ਸਰਹੰਦ ਚੋਂ।
ਆਵਾਜ਼ ਕੀ ਹੈ ਆ ਰਹੀ ਸੁਣਿਓਂ ਖਾਂ ਖ਼ੂੰਨੀ ਕੰਧ ਚੋਂ?

ਅਜੀਤ ਅਤੇ ਜੁਝਾਰ ਨੇ ਇਕ ਘੱਲਿਆ ਪੈਗ਼ਾਮ ਹੈ।
ਇਹ ਹੈ ਮੁਖਾਤਿਬ ਤੁਸਾਂ ਨੂੰ ਇਹ ਖਾਲਸੇ ਦੇ ਨਾਮ ਹੈ।

ਕਿ ਦੀਪ ਸਿੰਘ ਦਾ ਦੀਪ ਇਹ ਅੱਜ ਫੇਰ ਬੁਝਦਾ ਜਾ ਰਿਹੈ।
ਕੁਝ ਰੱਤ ਪਾਵੋ ਆਪਣੀ ਕਿ ਤੇਲ ਮੁਕਦਾ ਜਾ ਰਿਹੈ।

ਸ਼ਾਮ ਸਿੰਘ ਦੀ ਕੌਮ 'ਤੇ ਕੋਈ ਸ਼ਾਮ ਪੈ ਜਾਏ ਕਿਉਂ ਭਲਾ?
ਸੰਭਲੋ ਨਿਸ਼ਾਨਾਂ ਵਾਲਿਓ! ਆਉਂਦਾ ਹੈ ਕੋਈ ਜ਼ਲਜ਼ਲਾ।

ਜਾਗੋ ਸਰਾਭੇ ਸੁੱਤਿਓ ਜਾਗੋ! ਐ ਊਧਮ ਦੂਲਿਓ!!
ਅੱਜ ਪੰਥ ਢਿੱਲਾ ਹੋ ਰਿਹੈ ਮੁੜ ਕੇ ਜਗਾਇਓ ਫੂਲਿਓ।

ਉਇ ਮਹਾਂ ਸਿੰਘ ਦੇ ਮਹਿਰਮੋ! ਹਾੜਾ ਬੇਦਾਵੇ ਲਿਖੋ ਨਾ।
ਐ ਜ਼ਿੰਦਗੀ ਦੇ ਆਸ਼ਕੋ ਇੰਞ ਮੌਤ ਅੱਗੇ ਝੁਕੋ ਨਾ।

ਹੈ ਕੇਸਗੜ੍ਹ ਦਾ ਵਾਸਤਾ ਸੁਣਿਓ ਐ ਕੇਸਾਂ ਵਾਲਿਓ।
ਦਸਮੇਸ਼ ਦੀ ਇਸ ਦਾਤ ਨੂੰ ਸੰਭਾਲਿਓ! ਸੰਭਾਲਿਓ!!

ਸੌਗੰਧ ਹੈ ਅਜੀਤ ਦੀ ਸੌਗੰਧ ਹੈ ਜੁਝਾਰ ਦੀ।
ਨੀਲੇ ਦੇ ਸ਼ਾਹ-ਸਵਾਰ ਦੀ ਤੇ ਓਸਦੇ ਦਰਬਾਰ ਦੀ।

ਸੌਗੰਧ ਹੈ ਚਮਕੌਰ ਦੀ ਸੌਗੰਧ ਹੈ ਸਰਹੰਦ ਦੀ।
ਸੌਗੰਧ ਹੈ ਜਮਰੌਦ ਦੀ ਸੌਗੰਧ ਹੈ ਆਨੰਦ ਦੀ।

ਸਿੱਖੀ ਹੈ ਮਹਿੰਗੀ ਸੀਸ ਤੋਂ ਸਿਰ ਦੇਣ ਪਹਿਲੋਂ ਜਾਏ ਨਾ।
ਇਹ ਬਾਗ ਹੈ ਗੋਬਿੰਦ ਦਾ ਕੁਮਲਾਏ ਨਾ ਮੁਰਝਾਏ ਨਾ।

ਜੇ ਰਖਣੈਂ ਇਸ ਚਮਨ ਨੂੰ ਇਹ ਪ੍ਰਣ ਕਰੀਏ ਦੋਸਤੋ।
ਜੀਵੀਏ ਇਸ ਚਮਨ ਲਈ ਇਸ ਲਈ ਮਰੀਏ ਦੋਸਤੋ!

♣

# ਗੁਰੂ ਗੋਬਿੰਦ ਸਿੰਘ ਮਾਰਗ

(ਜਦ ਸਾਬਕਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਪੰਜਾਬ ਦੇ ਮੁੱਖ ਮੰਤਰੀ ਸਨ ਤਾਂ ਉਹਨਾਂ ਨੇ ਆਨੰਦਪੁਰ ਸਾਹਿਬ ਤੋਂ ਦਮਦਮਾ ਸਾਹਿਬ ਤੱਕ ਗੁਰੂ ਗੋਬਿੰਦ ਸਿੰਘ ਮਾਰਗ ਦਾ ਨਿਰਮਾਣ ਕਰਵਾਇਆ ਸੀ। ਫਿਰ ਵਸਾਖੀ 'ਤੇ ਆਨੰਦਪੁਰ ਸਾਹਿਬ ਤੋਂ ਦਮਦਮਾ ਸਾਹਿਬ ਤੱਕ 'ਖਾਲਸਾ ਮਾਰਚ' ਕਰਵਾਇਆ ਸੀ। ਉਸੇ ਸੰਧਰਭ ਵਿਚ ਪ੍ਰੋ: ਸ਼ੇਰ ਸਿੰਘ ਕੰਵਡ ਨੇ ਇਹ ਕਵਿਤਾ ਲਿਖੀ ਸੀ-ਅਮਰਜੀਤ ਸਿੰਘ ਸੰਧੂ)

ਗੁਰੂ ਗੋਬਿੰਦ ਸਿੰਘ!
ਤੇਰੇ ਨਾਂ 'ਤੇ-
ਮਾਰਗ ਇਕ ਬਣਵਾ ਸਕਦਾ ਹਾਂ।
'ਦੇਹੁ ਸ਼ਿਵਾ ਬਰ ਮੋਹੇ ਇਹੈ' ਵੀ
ਪੱਥਰਾਂ 'ਤੇ ਉਕਰਾ ਸਕਦਾ ਹਾਂ।
ਇਸ ਤੇ ਤੁਰਨਾ? ਨਾ ਮੁਮਕਿਨ ਹੈ!
ਕਿਉਂ ਕਿ ਤੂੰ ਤਾਂ ਸਦਾ ਬੋਲੇਂ
ਫਿਰ ਵੀ ਇਉਂ ਵੰਗਾਰ ਬੋਲਦੈਂ
ਹੱਥ ਵਿਚ ਲੈ ਤਲਵਾਰ ਬੋਲਦੈਂ-
"ਜੇ ਤਉ ਪ੍ਰੇਮ ਖੇਲਣ ਕਾ ਚਾਓ
ਸਿਰ ਧਰ ਤਲੀ ਗਲੀ ਮੋਰੀ ਆਓ
ਇਤੁ ਮਾਰਗ ਪੈਰ ਧਰੀਜੈ
ਸਿਰ ਦੀਜੈ ਕਾਣੁ ਨਾ ਕੀਜੈ।"
ਪਰ-
ਪਰ ਮੇਰਾ ਸਿਰ ਮੇਰਾ ਨਹੀਂ ਹੈ
ਇਹ ਮੇਰਾ ਸਿਰ ਤੇਰਾ ਨਹੀਂ ਹੈ!
ਇਹ ਤਾਂ ਮੇਰੇ ਵੋਟਰ ਦਾ ਹੈ
ਵੋਟਰ-ਜੋ ਮੇਰੀ ਪਰਜਾ ਹੈ।
ਜਿਸ ਦਾ ਮੇਰੇ ਸਿਰ ਕਰਜ਼ਾ ਹੈ।
ਅਜੇ ਤਾਂ ਮੈਂ ਇਹ ਕਰਜ਼ਾ ਲਾਹੁਣੈਂ।
ਇਹ ਸਿਰ ਦੇਣਾ ਦੇਸ਼ ਦੀ ਖ਼ਾਤਰ
ਇਹ ਸਿਰ ਮੈਂ ਲੋਕਾਂ ਲਈ ਲਾਉਣੈਂ।

ਮੈਂ ਵਾਕਫ਼ ਹਾਂ-
ਤੂੰ ਸਿਰ ਮੰਗਣੈਂ
ਮੰਗ ਲੀਤਾ ਤਾਂ ਚੀਜ਼ ਬਿਗਾਨੀ
ਸੋਚ ਜ਼ਰਾ ਮੈਂ ਕਿੰਝ ਹਰਾਂਗਾ?
ਮਹਿੰਗਾਈ ਦੇ ਏਸ ਜ਼ਮਾਨੇ
ਭੰਗ ਦੇ ਭਾੜੇ ਨਹੀਂ ਮਰਾਂਗਾ?

## • ਅੰਮ੍ਰਿਤਸਰ-ਸਿਫਤੀ ਦਾ ਘਰ

ਹੇ ਅੰਮ੍ਰਿਤਸਰ!
ਸਿਫਤੀ ਦੇ ਘਰ!!
ਤੈਨੂੰ ਨਮਸਕਾਰ-ਲੱਖ ਵਾਰ!!!

ਧਰਤ ਕਿ ਜਿਸਦੀ ਹਿੱਕੜੀ ਉੱਤੇ
ਦਰਿਆ ਚੱਲੇ ਰੁਮਕ ਰੁਮਕ ਕੇ।
ਧਰਤ ਕਿ ਜਿਸਦੀ ਗੋਦ 'ਚ ਖੇਡੇ
ਰਿਸ਼ੀ ਮੁਨੀ ਵੀ ਠੁਮਕ ਠੁਮਕ ਕੇ।

ਤੇਰੇ ਵੇਦ-ਗੀਤਾਂ ਨੇ ਦਿੱਤਾ
ਭੱਠ ਤਪਦੀ ਧਰਤੀ ਨੂੰ ਠਾਰ।
ਹੇ.. ... ... ...

ਸੂਰਜ ਬੰਸੀ ਰਾਮ ਚੰਦਰ ਨੇ
ਤੈਥੋਂ ਹੀ ਸੁਰਜੀਤੀ ਪਾਈ।
ਰਾਮ ਤੀਰਥ ਬਹਿ ਬਾਲਮੀਕ ਨੇ
ਅਮਰ-ਕਥਾ ਰਾਮਾਇਣ ਬਣਾਈ।
ਬੁਧ ਨਾਨਕ ਦੇ ਚਰਨਾਂ ਦੀ ਛੁਹ
ਦਿੱਤਾ ਤੇਰਾ ਕਣ ਕਣ ਠਾਰ।
ਹੇ.. ... ... ...

ਰਾਮਦਾਸ ਗੁਰ ਦੇ ਮਸਤਕ ਚੋਂ
ਰਹਿਮਤ ਦਾ ਮੀਂਹ ਛਮ ਛਮ ਵਰ੍ਹਿਆ।
ਜੰਨਤ ਦਾ ਇਕ ਟੁਕੜਾ ਜਿਸਨੇ
ਧਰਤੀ ਦੇ ਆਂਗਣ ਆ ਧਰਿਆ।

ਅਮਰਦਾਸ ਗੁਰ ਮਸਤਕ ਵਸਦਾ
ਸੁਪਨਾ ਕੀਤਾ ਸੱਚ-ਸਾਕਾਰ।
ਹੇ.. ... ... ...

ਚੱਕ ਗੁਰੂ ਕਾ ਰਾਮਦਾਸ ਪੁਰ
ਫਿਰ ਤੂੰ ਬਣਿਆਂ ਅੰਮ੍ਰਿਤਸਰ ਹੈਂ।
ਤੂੰ ਪਾਵਨ ਤੂੰ ਪਾਕ ਪਵਿੱਤਰ
ਰੱਬ ਦਾ ਦਰ ਹੈਂ! ਰੱਬ ਦਾ ਘਰ ਹੈਂ!!

ਤੇਰੀ ਇਕ ਝਲਕ ਦੇ ਸਦਕੇ
ਤੇਰੇ ਜਲਵੇ ਤੋਂ ਬਲਿਹਾਰ।
ਹੇ.. ... ... ...

ਸੋਢੀ ਸਤਿਗੁਰ ਬਾਵਨ ਕਿਰਤੀ
ਧਰਤ ਤੇਰੀ ਤੇ ਆਣ ਵਸਾਏ।
ਹੁਨਰਮੰਦ ਵਿਉਪਾਰੀ ਕਾਮੇ
ਤੇਰੇ ਦਰ ਤੋਂ ਫਿਰ ਵਰੋਸਾਏ।

ਤੇਰੇ ਪੱਲੇ ਰਿਧੀਆਂ ਸਿਧੀਆਂ
ਨੌਂ ਨਿਧੀਆਂ ਤੇ ਭਰੇ ਭੰਡਾਰ।
ਹੇ.. ... ... ...

ਧੰਨ ਧੰਨ ਵਾਹੁ ਰਾਮਦਾਸ ਗੁਰ
ਜਿਸ ਅੰਮ੍ਰਿਤ ਦਾ ਤਾਲ ਖਟਾਇਆ।
ਇਸਦੇ ਅੰਦਰ ਹਰਿ ਦਾ ਮੰਦਰ
ਜਗ ਤਾਰਨ ਸਚਖੰਡ ਬਣਾਇਆ।

ਚਹੁੰ ਵਰਨਾਂ ਚਹੁੰ ਕੂਟਾਂ ਖਾਤਰ
ਖੁਲ੍ਹੇ ਜਿਸਦੇ ਚਾਰ ਦੁਆਰ।
ਹੇ.. ... ... ...

ਉਤਰ ਜਾਣ ਸਭ ਪਾਪ ਕਮਾਤੇ
ਅੰਮ੍ਰਿਤ ਦੇ ਇਸ ਸਰ ਵਿਚ ਨ੍ਹਾਇਆਂ।
ਕਾਂ ਹੰਸਾਂ ਦਾ ਜਾਮਾ ਪਾਉਂਦੇ
ਪਿੰਗਲੇ ਕੰਚਨ ਵਰਗੀ ਕਾਇਆਂ।

ਇਸਦੇ ਜਲ ਚੋਂ ਜੀਵਨ ਮਿਲਦਾ
ਮੁਕਤੀ ਦਾ ਮਿਲਦਾ ਇਕਰਾਰ।
ਹੇ.. ... ... ...

ਗੁਰ ਕੀ ਬਾਣੀ ਧੁਰ ਕੀ ਬਾਣੀ।
ਹਰਿਮੰਦਰ ਚੋਂ ਚਾਨਣ ਵੰਡੇ।
ਗਿਆਨ ਜੋਤ ਹਰ ਹਿਰਦੇ ਬਾਲੇ
ਧੁੰਦਾਂ ਛੱਟੇ ਨੇਰ੍ਹੇ ਛੰਡੇ।

ਮਾਨਵਤਾ ਦਾ ਰਾਹ ਰਸ਼ਨਾਵੇ
ਕਲਮ ਸੁਨਿਹਰੀ ਦੀ ਲਿਸ਼ਕਾਰ।
ਹੇ.. ... ... ...

ਹਰਗੋਬਿੰਦ ਛਟਮ ਗੁਰ ਭਾਰੇ
ਸਚਾ ਤਖ਼ਤ ਅਕਾਲ ਬਣਾਇਆ।
ਸ਼ਕਤੀ ਭਗਤੀ ਦਾ ਜੁ ਸੂਚਕ
ਧ੍ਰੂ-ਤਾਰਾ ਗੁਰ ਨੇ ਰੁਸ਼ਨਾਇਆ।

ਜਿਸ ਤੋਂ ਚਾਨਣ ਲੈ ਕੇ ਹੁਣ ਤੱਕ
ਕੌਮ ਹੋਏ ਮੰਝਧਾਰੋਂ ਪਾਰ।
ਹੇ.. ... ... ...

ਤੇਰੀ ਧਰਤੀ ਤੇ ਮੁਸਕਾਏ
ਤੇਗ਼ ਬਹਾਦਰ-ਹਿੰਦ ਦੀ ਚਾਦਰ।
ਬਾਬਾ ਬੁੱਢਾ ਜੀ ਨੂੰ ਮਿਲਿਆ
ਤੇਰੀ ਜੂਹ ਚੋਂ ਰਜਵਾਂ ਆਦਰ।

ਖੁਸ਼ ਹੁੰਦੀ ਸੀ ਪਰਸ ਪਰਸ ਕੇ
ਦਰ ਤੇਰਾ 'ਸੱਚੀ ਸਰਕਾਰ'!
ਹੇ.. … … …

ਬਾਬਾ 'ਟੱਲ ਅਟੱਲ ਹੈ ਤੇਰਾ
ਛੂਹਦਾ ਹੈ ਜੋ ਉਚ-ਅਸਮਾਨਾ।
ਹਰ ਇਕ ਦਿਲ ਨੂੰ ਖਿੱਚਾਂ ਪਾਵੇ
ਮਹਾਂ-ਮੰਦਰ ਤੇਰਾ ਦੁਰਗਿਆਨਾ।

ਮਹਿਮਾ ਤੇਰੀ ਬਰਨ ਨਾ ਸਾਕਉ
ਮੇਰਾ ਰੂਪ ਅਨੂਪ ਅਪਾਰ।
ਹੇ.. … … …

ਲੱਖ ਅਬਦਾਲੀ ਮੱਸੇ ਰੰਘੜ
ਮਿਟ ਗਏ ਤੈਨੂੰ ਕਿਵੇਂ ਮਿਟਾਉਂਦੀ!
ਪਰ ਤੇਰੇ ਸਿੰਘ ਤੇਰੀ ਖ਼ਾਤਰ
ਬੰਦ ਬੰਦ ਕੀਕਰ ਰਹੇ ਕਟਾਉਂਦੇ!!

ਦੀਪ ਸਿੰਘ ਜਿਹੇ ਬਿਨ੍ਹਾਂ ਸੀਸ ਤੋਂ
ਆ ਪਹੁੰਚੇ ਤੇਰੇ ਦਰਬਾਰ।
ਹੇ.. … … …

ਤੇਰੇ ਝੰਡੇ ਬੁੰਗੇ ਜੁਗੋ ਜੁਗ
ਚੜ੍ਹਦੀ ਕਲਾ ਦੀ ਹਨ ਨਿਸ਼ਾਨੀ।
ਮੰਦਰ ਮਸਜਿਦ ਗੁਰੂ ਦੁਆਰੇ
ਸਭ ਦੇ ਸਭ ਸੁਰਗਾਂ ਦੇ ਸਾਨੀ।

ਰੰਗੀਂ ਵਸਦੀ ਰਾਮਦਾਸ ਦੀ
ਨਗਰੀ ਸਘਨ ਅਪਾਰ।
ਹੇ.. … … …

ਰਾਮਬਾਗ ਦਾ ਰੁੱਖ ਰੁੱਖ ਦੱਸੇ
ਰੋ ਰੋ ਸਿਖ ਰਾਜ ਦੀ ਵਿਥਿਆ।
ਜਲਿਆਂ ਵਾਲੇ ਦੀ ਹਰ ਇੱਟ ਤੇ
ਆਜ਼ਾਦੀ ਦਾ ਸਾਕਾ ਲਿਖਿਆ।

ਗੋਬਿੰਦਗੜ੍ਹ ਭਾਰਤ ਲਈ ਅੱਜ ਵੀ
ਢਾਲ ਅਤੇ ਤਲਵਾਰ।
ਹੇ.. … … …

ਤੇਰੇ ਗਲੀਆਂ ਕੂਚੇ ਕਟੜੇ
ਨਾਵਾਂ ਤੋਂ ਪਏ ਦੇਣ ਗਵਾਹੀ।
ਹਿੰਦੂ ਮੁਸਲਿਮ ਸਿੱਖ ਇਸਾਈ
ਸਾਰੇ ਹੀ ਹਨ ਭਾਈ ਭਾਈ।

ਤੇਰੇ ਆਪਣੇ ਦਿਲ ਦੇ ਵਾਂਗੂੰ
ਖੁਲ੍ਹਾ ਤੇਰਾ ਹਾਲ ਬਾਜ਼ਾਰ।
ਹੇ.. ... ... ...

ਤੇਰੀ ਧਰਤੀ ਨੇ ਪੈਦਾ ਕੀਤੇ
ਪਹਿਲਵਾਨ ਯੋਧੇ ਬਲਕਾਰੀ।
ਨੀਤੀਵਾਨ ਹੁਨਰਵਰ ਦਾਤੇ
ਬੜੇ ਖਿਡਾਰੀ ਅਤੇ ਲਿਖਾਰੀ।

ਤੂੰ ਵਿਦਿਆ ਦਾ ਰੌਸ਼ਨ ਕੇਂਦਰ
ਤੂੰ ਉਦਯੋਗਾਂ ਦਾ ਸਿਰਦਾਰ।
ਹੇ.. ... ... ...

ਦਰਸ਼ਨ ਕਲਾ ਧਰਮ ਦੇ ਸੰਗਮ
ਤੂੰ ਤਹਿਜ਼ੀਬ ਦੀ ਜਨਮਣ ਥਾਂ ਹੈਂ।
ਜਗਤ ਜਲੰਦੇ ਨੂੰ ਠਾਰਨ ਲਈ
ਕਲਪ ਬ੍ਰਿਛ ਤੋਂ ਸੰਘਣੀ ਛਾਂ ਹੈਂ।
ਤੇਰੇ ਦਰ 'ਤੇ ਆ ਕੇ ਝੁਕਦਾ
ਤਾਂਹੀਏ ਹੈ ਸਗਲਾ ਸੰਸਾਰ।
ਹੇ.. ... ... ...

♣

## • ਨਾਨਕ ਦੇ ਨਾਂ ... ...

ਬਾਬਾ ਨਾਨਕ!
ਮੇਰੇ ਸਾਂਹਵੇਂ–
ਤੇਰੀ ਇਕ ਤਸਵੀਰ ਪਈ ਹੈ!
ਹੱਕ ਸੱਚ ਦੀ ਸ਼ਮਸ਼ੀਰ ਪਈ ਹੈ!!

ਉਹ ਦਿਹੁੰ ਨਾਨਕ ਕੈਸਾ ਦਿਹੁੰ ਸੀ?
ਜਿਸ ਦਿਨ ਕਲਯੁੱਗ ਰਥ ਅਗਨ ਦਾ।

ਆਣ ਅਸਾਡੇ ਵਿਹੜੇ ਵੜਿਆ।
ਜਿਸ ਦਿਨ ਕਾਲਖ ਜੰਮੀ ਬਿਫ਼ਰੀ
ਜਿਸ ਦਿਨ ਗੋਰਾ ਚਾਨਣ ਮਰਿਆ।

ਕੂੜ ਅਮਾਵਸ ਰੋ ਰੋ ਰੁੰਨੀ
ਸੱਚ ਚੰਦਰਮਾ ਕੋਈ ਨਾ ਚੜ੍ਹਿਆ।
ਜਿਸ ਦਿਨ ਵਣੀਂ ਪੰਖੇਰੂ ਰੁੰਨੇ
ਹਰ ਰੁੱਖ ਆਪਣੀ ਛਾਂ ਤੋਂ ਡਰਿਆ।
ਕਲੀਆਂ ਤੋਂ ਛੁੱਟੀਆਂ ਮੁਸਕਾਨਾਂ
ਹਰ ਫੁੱਲ ਠੰਢਾ ਹੌਕਾ ਭਰਿਆ।
ਨਾਗ ਹਵਸ ਦਾ ਭਾਗੋ ਬਣਿਆ
ਹਰ ਲਾਲੋ ਦੇ ਪਿੰਡੇ ਲੜਿਆ।
ਕਾਬਲ ਵਲੋਂ ਇਕ ਜਰਵਾਣਾ
ਜੰਞ ਪਾਪ ਦੀ ਲੈ ਕੇ ਚੜ੍ਹਿਆ।
ਮਾਵਾਂ ਸਾਂਹਵੇਂ ਪੁੱਤਰ ਕੁੱਠੇ
ਬਾਪ ਕਿਸੇ ਦਾ ਲੁੱਛ ਲੁੱਛ ਮਰਿਆ।
ਕੌਣ ਹੁਸਨ ਜੁ ਬਚਿਆ ਸੁੱਚਾ
ਕਿਸਦੇ ਸਿਰ ਕੋਈ ਦੋਸ਼ ਨਾ ਚੜ੍ਹਿਆ?
ਟੁੱਟ ਗਿਆ ਹਰ ਰੱਤਾ ਚੂੜ੍ਹਾ
ਮਾਂਗ ਕਿਸੇ ਸੰਧੂਰ ਨਾ ਭਰਿਆ।
ਵਿਚ ਫਿਜ਼ਾਵਾਂ ਘੁਲੀਆਂ ਜ਼ਹਿਰਾਂ
ਖ਼ੂੰਨ ਮਨੁੱਖ ਦਾ ਨਦੀਏਂ ਹੜ੍ਹਿਆ।
ਤੇਗਾਂ ਦੀ ਛਾਂਵੇਂ ਬਹਿ ਲੋਕਾਂ
ਸੋਗੀ ਕਾਂਢ ਮੌਤ ਦਾ ਪੜ੍ਹਿਆ
ਕਿਸੇ ਸ਼ਿਵਾਲੇ ਸੰਖ ਨਾ ਪੂਰੇ
ਮੰਦਰ ਕਿਸੇ ਨਾ ਦੀਵਾ ਧਰਿਆ।
ਧਰਮ ਕਿਸੇ ਨੇ ਬੂਲ੍ਹ ਨਾ ਖੋਹਲੇ
ਨਾ ਕੋਈ ਆਹ ਦਾ ਨਾਅਰਾ ਭਰਿਆ।

ਉਸ ਦਿਹੁੰ ਨਾਨਕ–
ਤੇਰੀ ਜੁ ਤਸਵੀਰ ਪਈ ਹੈ।
ਹੱਕ ਸੱਚ ਦੀ ਸ਼ਮਸ਼ੀਰ ਪਈ ਹੈ।
ਕਿੰਨਾ ਤੜਪੀ ਕਿੰਨਾ ਰੋਈ
ਤੇ ਉਸ ਦਿਨ ਇਹ ਕਲਮ ਬਣੀ ਸੀ।
ਇਸ ਨੇ ਸੁੱਚੇ ਗੀਤ ਲਿਖੇ ਸਨ।
ਕਿੰਨੇ ਠੰਢੇ ਸੀਤ ਲਿਖੇ ਸਨ।

ਜੂੰ ਹੀਂ ਇਕ ਆਵਾਜ਼ ਟੁਰ ਪਈ
ਜੰਗਲਾਂ ਸ਼ਹਿਰਾਂ ਗੀਤ ਇਹ ਗਾਏ।
ਕੁੱਠੀ ਮਾਨਵਤਾ ਦੇ ਜ਼ਖ਼ਮੀਂ।
ਇਹਨਾਂ ਹੀ ਸਨ ਫੈਹੇ ਲਾਏ।
ਗੂੜ੍ਹੀ ਨੀ ਦੋਂ ਲੋਕੀ ਜਾਗੇ
ਜਿੰਦ ਉਹਨਾਂ ਵਿਚ ਧੜਕ ਪਈ ਸੀ।
ਤੇ ਨਾਨਕ ਤਸਵੀਰ ਇਹ ਤੇਰੀ
ਹੱਕ ਸੱਚ ਦੀ ਸ਼ਮਸ਼ੀਰ ਇਹ ਤੇਰੀ
ਕਹਿੰਦੇ ਉਸ ਦਿਨ ਖੜਕ ਪਈ ਸੀ।
ਸਾਮਰਾਜ ਦੇ ਮਹਿਲਾਂ ਉੱਤੇ
ਬਿਜਲੀ ਬਣ ਕੇ ਕੜਕ ਪਈ ਸੀ।
ਤੇ ਇਸ ਵਿਚੋਂ ਉੱਠ ਪਏ ਸਨ
ਇਨਕਲਾਬ ਦੇ ਕੁਝ ਸ਼ਰਾਰੇ।
ਉਸ ਦਿਨ ਲੋਕਾਂ ਆਪ ਸੁਣੇ ਸਨ
ਨਗਮਾਂ ਗਾਉਂਦੇ ਆਜ਼ਿਜ਼ ਢਾਰੇ:–
"ਅਵਲ ਅੱਲਾਹ ਨੂਰ ਉਪਾਇਆ
ਕੁਦਰਤ ਕੇ ਸਭ ਬੰਦੇ ਨਾਨਕ।
ਏਕ ਨੂਰ ਤੇ ਸਭ ਜਗ ਉਪਜਿਆ।
ਕੌਣ ਭਲੇ ਕੋ ਮੰਦੇ ਨਾਨਕ।"

ਪਰ ਨਾਨਕ–
ਮੈਂ ਕੀ ਤਕਦਾ ਹਾਂ?
ਤੇਰੀ ਜੁ ਤਸਵੀਰ ਪਈ ਹੈ।
ਹੱਕ ਸੱਚ ਦੀ ਸ਼ਮਸ਼ੀਰ ਪਈ ਹੈ।
ਇਸਨੂੰ ਅੱਜ ਇਕ ਜੰਗ ਲੱਗਾ ਹੈ
ਇਸ ਤੇ ਅੱਜ ਇਕ ਧੂੜ ਪਈ ਹੈ।
ਏਸ ਧੂੜ ਤੇ ਏਸ ਜੰਗ ਦੇ
ਕਾਰਨ ਨੇ ਕੁਝ ਤੇਰੇ ਬਰਦੇ।
ਜੋ ਲਾਲੋ ਦੀ ਗੱਲ ਨਹੀਂ ਸੁਣਦੇ
ਭਾਗੋ ਦੇ ਘਰ ਭੋਜਨ ਕਰਦੇ।

ਤੇਰੇ ਸੁੱਚੇ ਬੋਲਾਂ ਦਾ ਜੋ
ਮਤਲਬ ਲਈ ਉਲਥਾ ਕਰਦੇ।
ਦੁੱਧ ਦੀ ਕਿਰਤ ਸਰਾਪੀ ਜਾਂਦੀ
ਖ਼ੂੰਨੀ ਰੋਜ਼ ਚੜਾਵੇ ਚੜ੍ਹਦੇ।

ਤਦ ਨਾਨਕ–
ਮੈਂ ਰੋਜ਼ ਸੋਚਦਾ ਸੌਂ ਜਾਂਦਾ ਹਾਂ।
ਤੇ ਸੁਪਨੇ ਵਿਚ ਗੁੰਮ ਜਾਂਦਾ ਹਾਂ।
ਜਾਗੇਗੀ ਤਸਵੀਰ ਤੇਰੀ ਇਹ?
ਹੱਕ ਸੱਚ ਦੀ ਸ਼ਮਸ਼ੀਰ ਤੇਰੀ ਇਹ?

ਪਰ ਮੇਰੀ ਅੱਖ
ਖੁਲ੍ਹ ਜਾਂਦੀ ਹੈ
ਜਦ ਮੇਰੇ ਹੀ ਖ਼ੂੰਨ ਦੇ ਟੇਪੇ
ਅੱਧ–ਭੁੱਖੇ ਅੱਧ ਨੰਗੇ ਬੱਚੇ
ਮੈਥੋਂ ਆਪਣਾ ਹੱਕ ਮੰਗਦੇ ਨੇ।
ਮੈਂ ਉਹਨਾਂ ਨੂੰ
ਤੇਰੀ ਇਹ ਤਸਵੀਰ ਵਿਖਾ ਕੇ
ਹੱਕ ਸੱਚ ਦੀ ਸ਼ਮਸ਼ੀਰ ਵਿਖਾ ਕੇ
ਝੂਠਾ ਮੂਠਾ ਲਾਰਾ ਲਾ ਕੇ
ਸੌਂ ਜਾਂਦਾ ਹਾਂ... ... ....

♣

## • ਸ਼ਰਧਾਂਜਲੀ

ਪੜ੍ਹਦੈ ਜਦੋਂ ਵੀ ਕੋਈ ਇਤਿਹਾਸ ਸਾਡਾ,
ਓਸ ਕਾਂਢ ਤੇ ਨਿਗਾਹ ਆ ਅਟਕਦੀ ਏ।

ਜੀਹਦੇ ਪੱਤਰੇ ਅਜੇ ਨੇ ਖ਼ੂਨ ਭਿੱਜੇ,
ਜੀਹਦੇ ਅੱਖਰਾਂ ਵਿਚੋਂ ਰੱਤ ਟਪਕਦੀ ਏ।
ਜੀਹਦੇ ਬੋਲਾਂ ਚੋਂ ਤੀਰਾਂ ਦੀ ਸ਼ੂਕ ਪੈਂਦੀ,
ਜਿਸ ਵਿਚ ਅਜੇ ਤਲਵਾਰ ਪਈ ਖੜਕਦੀ ਏ।
ਇਹ ਹੈ ਕਾਂਢ ਗੋਬਿੰਦ ਦੀ ਦਾਸਤਾਂ ਦਾ,
ਜਿੰਦ ਓਸ ਦੀ ਏਸ ਵਿਚ ਧੜਕਦੀ ਏ।

ਉਹਨੇ ਚੰਡੀ ਦੀ ਨੋਕ ਦੀ ਓਟ ਲੈ ਕੇ,
ਇਹਦਾ ਕੀਤਾ ਆਰੰਭ ਆਨੰਦ ਅੰਦਰ।
ਸਰਸਾ ਨਦੀ ਖਤਰਾਣੇ ਚਮਕੌਰ ਅੰਦਰ,
ਮਾਛੀਵਾੜੇ ਤੇ ਫੇਰ ਸਰਹੰਦ ਅੰਦਰ।

ਉਸ ਦੀ ਮਰਦੇ-ਮੁਜ਼ਾਹਿਦ ਤੇ ਖੜਗਧਾਰੀ,
ਪ੍ਰਬਤ ਉਸਦੀ ਨਜ਼ਰ ਤੋਂ ਕੰਬਦੇ ਸਨ।
ਉਹਦੇ ਤੀਰਾਂ ਤੋਂ ਵੈਰੀ ਸੀ ਤੀਰ ਹੁੰਦੇ,
ਡੰਗੇ ਉਹਨਾਂ ਦੇ ਪਾਣੀ ਨਾ ਮੰਗਦੇ ਸਨ।
ਉਹਦੀਆਂ ਅੱਖਾਂ ਚੋਂ ਬਿਜਲੀਆਂ ਝਰਦੀਆਂ ਸਨ,
ਸੂਰਜ ਓਸ ਤੋਂ ਸਹਿਮ ਕੇ ਲੰਘਦੇ ਸਨ।

ਉਹ ਸੀ ਪੀਰ ਫਕੀਰ ਅਮੀਰ ਯੋਧਾ,
ਸੀ ਅਵਤਾਰ ਤੇ ਸ਼ਾਹ ਅਸਵਾਰ ਸੀ ਉਹ।
ਦਾਨੀ ਸੰਤ ਸਿਪਾਹੀ ਤੇ ਕਵੀ ਰਾਜਾ,
ਜ਼ੁਲਮ ਵੈਰੀ ਮਜ਼ਲੂਮਾਂ ਦਾ ਯਾਰ ਸੀ ਉਹ।

ਉਹਦੇ ਖੰਡੇ ਵਿਚ ਜਾਦੂ ਸੌ ਬੰਦ ਕੀਤੇ,
ਕੀਹਨੇ ਝੱਲੇ ਸਨ ਓਸਦੇ ਵਾਰ ਹੁੰਦੇ।
ਪਾਹੁਲ ਜਿਹਨਾਂ ਨੂੰ ਇਹਦੀ ਨਸੀਬ ਹੋਈ,
ਨਹੀਂ ਗਿੱਦੜ ਉਹ ਸ਼ੇਰਾਂ ਦੇ ਯਾਰ ਹੁੰਦੇ।
ਲਾਲੇ ਬਾਜ਼ਾਂ ਨੂੰ ਜਾਨ ਦੇ ਪੈ ਜਾਂਦੇ,
ਤੇ ਨਹੀਂ ਚਿੜੀਆਂ ਦੇ ਵਾਰ ਸਹਾਰ ਹੁੰਦੇ।
ਪੀਂਦੇ ਇਹਦੀ ਮਰਜੀਵੜੇ ਘੁੱਟ ਜਿਹੜੇ,
ਸਵਾ ਲੱਖ ਲਈ ਵੇਖੇ ਤਿਆਰ ਹੁੰਦੇ।

ਉਸਦੀ ਚੰਡੀ ਦੀ ਵਾਰ ਦਾ ਪਾਠ ਸੁਣਕੇ,
ਮੁਰਦੇ ਕਬਰਾਂ ਚੋਂ ਉਠ ਉਠ ਨੱਸਦੇ ਸਨ।
ਉਹਦੀ ਹੱਟ 'ਤੇ ਸਿਰਾਂ ਦੇ ਹੋਣ ਸੌਦੇ,
ਲੋਕ ਮੌਤ ਚੋਂ ਜ਼ਿੰਦਗੀ ਵੱਟਦੇ ਸਨ।

ਉਹਨੇ ਪੰਜਾਂ ਨੂੰ ਆਬੇ-ਹਯਾਤ ਦੇ ਕੇ,
ਪੱਥਰ ਪਹਿਲੀ ਪੰਚਾਇਤ ਦਾ ਰੱਖ ਦਿੱਤਾ।
ਲੋਕ-ਰਾਜ ਦਾ ਨਕਸ਼ਾ ਉਲੀਕ ਦਿੱਤਾ,
ਸਰਬ-ਸਾਂਝਾਂ ਦਾ ਸਬਕ ਸੀ ਦੱਸ ਦਿੱਤਾ।
ਜਥੇਬੰਦ ਮਜਦੂਰ ਜਮਾਤ ਕੀਤੀ,
ਉਹਨੂੰ ਸੱਚ ਇਨਸਾਫ਼ ਤੇ ਹੱਕ ਦਿਤਾ।
ਪੂੰਜਪਤੀ ਮਸੰਦ ਨੂੰ ਫੂਕ ਉਸਨੇ,
ਉਹਦੀ ਭੈੜੀ ਕਰਤੂਤ ਲਈ ਦੱਖ ਦਿੱਤਾ।

ਮੁਰਦਾ ਰਗਾਂ ਵਿਚ ਗ਼ੈਰਤ ਦਾ ਖ਼ੂਨ ਦੇ ਕੇ,
ਗ਼ਲੋਂ ਸੰਗਲ ਗੁਲਾਮੀ ਦੇ ਤੋੜ ਦਿਤੇ।
ਸਿਰਜੀ ਕੌਮ ਇਕ-ਇਕ ਸ਼ੇਰਾਂ ਬਹਾਦਰਾਂ ਦੀ,
ਜੀਹਨੇ ਵਹਿਣ ਦਰਿਆਵਾਂ ਦੇ ਮੋੜ ਦਿੱਤੇ।

ਸਾਂਝੀਵਾਲਤਾ ਅਸਾਂ ਨੂੰ ਦੇਣ ਉਹਦੀ,
ਕੌਮੀ ਏਕਤਾ ਅਸਾਂ ਲਈ ਵਰ ਉਹਦਾ।
ਕੀਤਾ ਦੇਸ਼ ਦੀ ਵੇਦੀ ਤੋਂ ਬੰਸ ਭੇਟਾ,
ਡੁਬਦੀ ਹਿੰਦ ਲਈ ਇਹ ਸੀ ਕਰ ਉਹਦਾ।
ਉਹਦਾ ਘਰ ਨਹੀਂ ਪਟਨੇ ਆਨੰਦਪੁਰ ਹੀ,
ਚੱਪਾ ਚੱਪਾ ਏ ਭਾਰਤ ਦਾ ਘਰ ਉਹਦਾ।
ਉਹਦਾ ਨੀਲਾ ਏ ਹੱਦਾਂ ਤੇ ਗ਼ਸ਼ਤ ਕਰਦਾ,
ਸ਼ਸਤਰ ਓਸਦੇ ਵੈਰੀ ਲਈ ਡਰ ਉਹਦਾ।

ਹਿੰਦੂ ਸਿੱਖ ਨੇ ਓਸਦੇ ਦੋ ਬੇਟੇ,
ਮੁਸਲਮ ਉਹਦੀ ਨਾ ਅੱਖ ਵਿਚ ਰੜਕਦਾ ਸੀ।
ਉਸ ਲਈ ਜਾਤ ਮਨੁੱਖ ਦੀ ਇਕ ਸਾਰੀ,
ਉਹਦਾ ਖੰਡਾਂ ਤਾਂ ਜ਼ੁਲਮ ਲਈ ਖੜਕਦਾ ਸੀ।

ਆਓ ਹਿੰਦੀਓ! ਓਸਦੀ ਕਸਮ ਖਾ ਕੇ,
ਸਾਰੇ ਇਕ ਹੋ ਜਾਣ ਦਾ ਪ੍ਰਣ ਕਰੀਏ।
ਉਹਦੇ ਮਿਸ਼ਨ ਦੀ ਲੈ ਮਿਸਾਲ ਹੱਥੀਂ,
ਕੋਨਾ ਕੋਨਾ ਰੁਸ਼ਨਾਣ ਦਾ ਪ੍ਰਣ ਕਰੀਏ।
ਕੁੱਜੇ ਵਿਚ ਸਮੁੰਦਰ ਨਾ ਬੰਦ ਕਰੀਏ,
ਇਹਨੂੰ ਸਾਰੇ ਪਹੁੰਚਾਣ ਦਾ ਪ੍ਰਣ ਕਰੀਏ।
ਮਰੀਏ ਦੇਸ਼ ਖਾਤਰ ਜੀਈਏ ਦੇਸ਼ ਖਾਤਰ,
ਇਹਦੀ ਵਿਗੜੀ ਬਨਾਣ ਦਾ ਪ੍ਰਣ ਕਰੀਏ।

ਸਾਡੀ ਇਹੋ ਸ਼ਰਧਾਂਜਲੀ ਸਫਲ ਹੋਸੀ,
ਫਰਕ ਅਸਾਂ ਦੇ ਵਿਚ ਨਾ ਰਾਈ ਹੋਵੇ।
ਸਰਬ-ਸਾਂਝ ਦੇ ਵਿਚ ਪਰੁਚ ਜਾਈਏ,
ਸਾਨੂੰ ਗੁੜ੍ਹਤੀ ਤਲਵਾਰ ਦੀ ਆਈ ਹੋਵੇ।

♣

○ ਜਗਦੇਵ ਸਿੰਘ ਤਲਵੰਡੀ
○ ਸੰਤ ਹਰਚੰਦ ਸਿੰਘ

○ ਪ੍ਰਕਾਸ਼ ਸਿੰਘ ਬਾਦਲ
○ ਸੁਰਜੀਤ ਸਿੰਘ ਬਰਨਾਲਾ

ਨੂੰ !

ਜੋ ਕਿ

# ਐਮਰਜੈਂਸੀ

ਦੇ ਵਿਰੁਧ ਮਨੁੱਖੀ-ਹਿਤਾਂ ਲਈ ਜੂਝਦੇ ਰਹੇ।

# ਪੰਚਾਇਤ

## ਇਕ

ਪਿੰਡ ਦੇ ਉਤੇ ਇਹ ਕਿਜੇਹੀ ਰਾਤ ਸੀ?
ਪਿੰਡ ਦੇ ਨੈਂਣੀ ਇਕ ਜਦੋਂ ਬਰਸਾਤ ਸੀ!!

ਸਿਤਾਰਿਆਂ ਦਾ ਟਿਮ-ਟਿਮਾਣਾ ਜੁਰਮ ਸੀ
ਉਸ ਰਾਤ ਵਿਚ।
ਪੰਛੀਆਂ ਦਾ ਚਹਿ-ਚਹਾਣਾ ਜੁਰਮ ਸੀ
ਉਸ ਰਾਤ ਵਿਚ।
ਮੁਸਕਰਾਣਾ? ਮੁਸਕਰਾਣਾ ਜੁਰਮ ਸੀ
ਉਸ ਰਾਤ ਵਿਚ।

ਰਾਤ ਸੀ-
ਕਿ ਪਿੰਡ ਸਿਰ ਤਲਵਾਰ ਸੀ ਕੋਈ ਲਟਕਦੀ।
ਰਾਤ ਸੀ-
ਕਿ ਪਿੰਡ ਨੂੰ ਤਲਵਾਰ ਸੀ ਉਹ ਝਟਕਦੀ।
ਰਾਤ ਸੀ-
ਕਿ ਪਿੰਡ ਨੂੰ ਤਲਵਾਰ ਸੀ ਉਹ ਖਟਕਦੀ।

ਪਰ ਕੌਣ ਜੋ ਤਲਵਾਰ ਸਾਂਹਵੇਂ ਬੋਲਦਾ?
ਕੌਣ-ਜੋ ਮੂੰਹ ਆਪਣੇ ਨੂੰ ਖੋਲ੍ਹਦਾ?
ਕੌਣ ਸੀ-ਜੋ ਮੌਤ ਆਪਣੀ ਟੋਲਦਾ?

ਸੌਂ ਗਿਆ ਸੀ ਪਿੰਡ-ਜੀਂਦਾ ਜਾਗਦਾ!
ਸੌਂ ਗਿਆ ਸੀ ਪਿੰਡ-ਪੀੜਾਂ ਝਾਗਦਾ!!

ਤਲਵਾਰ ਨੂੰ ਬਸ ਤਖ਼ਤ ਦਾ ਹੀ ਸ਼ੌਕ ਸੀ
ਤਖ਼ਤ ਬਿਨ ਤਲਵਾਰ ਦੀ ਤਾਂ ਮੌਤ ਸੀ।
ਤਲਵਾਰ ਨੇ ਖਬਰੇ ਇਹ ਕਿੱਦਾਂ ਸੋਚਿਆ
ਕਿ ਤਖ਼ਤ ਨੂੰ ਉਸ ਕਾਇਮ ਰਖਣਾ ਲੋਚਿਆ।
ਦਿਸ ਪਿਆ ਸੀ ਸ਼ਾਇਦ ਇਹ ਤਲਵਾਰ ਨੂੰ
ਲੋਕ ਜੁ ਸੁੱਤੇ ਨੇ ਅੱਜ ਤੱਕ ਪਿੰਡ ਦੇ
ਨੀਂਦ ਵਿਚੋਂ ਸ਼ਾਇਦ ਇਹ ਉਠ ਖੜਨਗੇ।
ਇਕ ਦਿਹਾੜੇ ਫੇਰ ਕੱਠੇ ਹੋਣਗੇ
ਤਖ਼ਤ ਨੂੰ ਉਲਟਾਣ ਖ਼ਾਤਰ ਲੜਨਗੇ।
ਜ਼ੋਰ ਮੇਰੇ ਵਿਚ ਹੈ ਭਾਵੇਂ ਕਹਿਰ ਦਾ
ਕਹਿਰ ਸਾਂਹਵੇਂ ਪਰ ਕਿਸੇ ਦਿਨ ਅੜਨਗੇ।

ਤਲਵਾਰ ਤਦ ਉਦਾਸ ਸੀ! ਖਾਮੋਸ਼ ਸੀ!!
ਤਲਵਾਰ ਨੂੰ ਕੋਈ ਸੋਚ ਸੀ! ਅਫਸੋਸ ਸੀ!!

ਅੰਤ ਨੂੰ ਤਲਵਾਰ ਸੋਚਾ ਸੋਚਦੀ
ਤਲਵਾਰ ਪਿੰਡ ਦਾ ਸੋਹਲ ਪਿੰਡਾ ਨੋਚਦੀ
ਪਹੁੰਚ ਗਈ ਇਕ ਫ਼ੈਸਲੇ 'ਤੇ ਆਣ ਕੇ।
ਪਿੰਡ ਦੇ ਵਿਚ ਇਕ ਉਚੀ ਥਾਉਂ ਸੀ
ਖੜ ਗਈ ਉਸ ਉੱਤੇ ਸੀਨਾ ਤਾਣ ਕੇ।
ਉੱਚੀ 'ਵਾਣੀ' ਵਿਚ ਉਸਨੇ ਆਖਿਆ-
ਲੋਕੋ! ਪਿੰਡ ਹੈ ਖ਼ਤਰਿਆਂ ਵਿਚ ਘਿਰ ਗਿਆ
ਪਿੰਡ ਵਿਚ ਕੁਝ ਫਿਰ ਰਹੇ ਹਨ ਸਿਰ-ਫਿਰੇ।
ਲਾਉਣਗੇ ਲਾਂਬੂ ਜੁ ਪਿੰਡ ਦੇ ਅਮਨ ਨੂੰ
ਪਿੰਡ ਦੇ ਗ਼ੱਦਾਰ ਇਹ ਜੁ ਮਨਚਲੇ।

ਲਿਸ਼ਕ ਕੇ ਤਲਵਾਰ ਅੱਗੋਂ ਆਖਿਆ-
ਪਿੰਡ ਦੇ ਹਾਲਾਤ ਜੁ ਖਰਾਬ ਹਨ
ਹਾਲਾਤ ਦੇ ਨਾਲ ਨਿਪਟਣਾ ਹੀ ਪਏਗਾ।
ਪਿੰਡ ਦੀ ਸੱਤਾ ਨੂੰ ਜੁ ਵੰਗਾਰਦਾ
ਗ਼ੱਦਾਰ ਦਾ ਸਿਰ ਕੁਚਲਣਾ ਹੀ ਪਏਗਾ।
ਪਿੰਡ ਦਾ ਸੰਵਿਧਾਨ ਬੁੱਢਾ ਹੋ ਗਿਐ
ਏਸ ਨੂੰ ਹੁਣ ਬਦਲਣਾ ਹੀ ਪਏਗਾ।
ਪਿੰਡ ਵਿਚ ਇਕ ਆ ਰਿਹਾ ਹੈ ਜ਼ਲਜ਼ਲਾ
ਪਿੰਡ ਨੂੰ ਹੁਣ ਸੰਭਾਲਣਾ ਹੀ ਪਏਗਾ।
ਏਸ ਲਈ ਮੈਂ ਕਰ ਰਹੀ ਹਾਂ ਫੈਸਲਾ
ਕਿ ਅੱਜ ਤੋਂ ਮੇਰਾ ਬੋਲ ਹੀ ਕਾਨੂੰਨ ਹੈ
ਅੱਜ ਤੋਂ ਮੇਰਾ ਬੋਲ ਹੀ ਸੰਵਿਧਾਨ ਹੈ!
ਅੱਜ ਤੋਂ ਮੇਰਾ ਬੋਲ ਹੀ ਇਖਲਾਕ ਹੈ
ਅੱਜ ਤੋਂ ਮੇਰਾ ਬੋਲ ਹੀ ਈਮਾਨ ਹੈ!!

ਲਛਮਣ ਰੇਖਾ ਵਾਹ ਦਿਤੀ ਤਲਵਾਰ ਨੇ
ਪਿੰਡ ਦੀ ਫਿਰਨੀ ਤੇ ਜੋ ਸੀ ਮੇਲ੍ਹਦੀ।
ਕੌਣ ਲੰਘਦਾ ਸੂਰਮਾ ਇਸ ਕਾਰ ਨੂੰ
ਛੇੜਦਾ ਗੱਲ ਮੌਤ ਦੇ ਇਕ ਖੇਲ ਦੀ?

ਪਿੰਡ ਵਿਚ ਹੁਣ ਜੰਗਲ ਦਾ ਹੀ ਰਾਜ ਸੀ
ਸਾਰਿਆਂ ਰੁੱਖਾਂ ਦੇ ਮੂੰਹੀ ਜੰਦਰੇ।
ਪਿੰਡ ਦੀਆਂ ਵੀਹਾਂ 'ਚ ਸਹਿਮੀ ਚੁਪ ਸੀ
ਬੂਟ ਭਾਰੇ ਦਗੜਦੇ ਸਨ ਚੰਦਰੇ।
ਪਿੰਡ ਦੀ ਇਸ ਖ਼ੌਫਨਾਕ ਰਾਤ ਵਿਚ
ਕੁੱਤਾ ਕਦੇ-ਕਦਾਈਂ ਸੀ ਕੋਈ ਭੌਂਕਦਾ।
ਆਵਾਜ਼ ਜਿਸਦੀ ਰਾਤ ਦਾ ਦਿਲ ਚੀਰਦੀ
ਬੋਲ ਸੁਣਕੇ ਹਰ ਪਰਿੰਦਾ ਚੌਂਕਦਾ।

ਪਿੰਡ ਦੇ ਕਿੰਨੇ ਹੀ ਅੱਖਰ ਵਿਕ ਗਏ
ਪਿੰਡ ਦੀ ਹਰ ਕਲਮ ਦਾ ਮੁੱਲ ਤਾਰਿਆ-ਤਲਵਾਰ ਨੇ।
ਸੱਥਾਂ-ਕੱਠਾਂ ਵਿਚ ਇਕੋ ਤਲਵਾਰ ਸੀ
'ਵਾਣੀ' ਉਤੇ ਆਪੇ ਨੂੰ ਪਰਚਾਇਆ-ਤਲਵਾਰ ਨੇ।

## ਦੋ

ਖੰਜਰ ਇਕ ਖੁੰਡਾ ਛੋਕਰਾ
ਪੁੱਤਰ ਸੀ ਉਸ ਤਲਵਾਰ ਦਾ
ਤਲਵਾਰ-ਮਾਂ ਦੇ ਜ਼ੋਰ 'ਤੇ
ਬੜ੍ਹਕਾਂ ਸੀ ਪਿੰਡ ਵਿਚ ਮਾਰਦਾ।
ਕੁੱਝ ਗੁੰਡੇ ਪੈਂਚਾਂ ਆਸਰੇ
ਮੋਹਰੀ ਸੀ ਪਿੰਡ-ਸਰਕਾਰ ਦਾ!
'ਵਾਰਸ ਇਹ ਮੇਰਾ ਬਣ ਜਾਏ'
ਤਲਵਾਰ ਸੀ ਇਹ ਸੋਚਦੀ
ਖੰਜਰ ਨੂੰ ਪਿੰਡ ਤੇ ਮੜ੍ਹਨ ਦੀ
ਤਕਰੀਬ ਸੀ ਇਕ ਸੋਚਦੀ।

ਗੱਲਾਂ ਦਾ ਖੰਜਰ ਧਨੀ ਸੀ
ਤੇ ਕੰਮ ਦਾ ਕਮਚੋਰ ਸੀ।
ਪਰ ਪਿੰਡ ਦੀ ਹਰ ਸੱਥ ਵਿਚ
ਓਸੇ ਦਾ ਜਾਣੀਂ ਜ਼ੋਰ ਸੀ।

ਇਸ ਪਿੰਡ ਦੇ ਕੁਝ ਚੌਧਰੀ
ਮਰੀਆਂ ਜ਼ਮੀਰਾਂ ਵਾਲੜੇ।
ਪੁੱਜ ਕੇ ਸਨ ਜੀ-ਹਜੂਰੀਏ
ਮੱਕਾਰ-ਦਿਲ ਦੇ ਕਾਲੜੇ।
'ਖੰਜਰ ਬਸ ਇਕੋ ਖੁਸ਼ ਰਹੇ'
ਉਹਨਾਂ ਦਾ ਇਕ ਧਰਮ ਸੀ
'ਖੰਜਰ ਦੀਆਂ ਸਧਰਾਂ ਪੂਰਨ'
ਉਹਨਾਂ ਦਾ ਇਕੋ ਕਰਮ ਸੀ।

ਪੰਚਾਂ ਦੀ ਸਦਾ ਵੰਗਾਰ ਸੀ-
ਆਵੋ-ਕਿ ਖੰਜਰ ਆ ਰਿਹੈ।
ਦੁਰਗਾ ਦਾ ਪੁੱਤਰ ਆ ਰਿਹੈ
ਦੁਨੀਆਂ ਦਾ ਰਹਿਬਰ ਆ ਰਿਹੈ।

ਖੰਜਰ ਦੇ ਪੰਜ ਕੁ ਵਾਰ ਹੀ
ਬਸ ਕੋਹ ਰਹੇ ਸਨ ਪਿੰਡ ਨੂੰ!
ਪੰਜਾਂ ਦੇ ਪਿਛੇ ਪੰਜ ਉਹ
ਬਸ ਖੋਹ ਰਹੇ ਸਨ ਪਿੰਡ ਨੂੰ!!

ਸਿਤਮ ਦੀ ਇਸ ਰਾਤ ਵਿਚ
ਲੋਕੀ ਤਾਂ ਸਾਰੇ ਚੁੱਪ ਸਨ
ਜੋ ਟਿਮ-ਟਿਮਾਉਂਦੇ ਰਾਤ ਵਿਚ
ਉਹ ਵੀ ਸਿਤਾਰੇ ਚੁੱਪ ਸਨ।

## ਤਿੰਨ

ਕੱਚਾ ਸੀ ਇਕ ਢਾਰਾ ਅੰਦਰ ਪਿੰਡ ਦੇ
ਬੁੱਢਾ ਉਸ ਵਿਚ ਰਹਿੰਦਾ ਸੀ ਇਕ ਖਾੜਕੂ।
ਕੀ ਹੋਇਆ ਜੇ ਦੇਹੀ ਤੋਂ ਕਮਜ਼ੋਰ ਸੀ
ਕਦੇ ਸ਼ਰਾਰਾ ਬਣ ਕੇ ਉਹ ਸੀ ਨੱਚਿਆ।
ਜਦੋਂ ਕਦੇ ਵੀ ਭੀੜ ਪਈ ਸੀ ਪਿੰਡ 'ਤੇ
ਉਸਨੇ ਆਪਣਾ ਆਪਾ ਪਿੰਡ ਤੋਂ ਵਾਰਿਆ।
ਹੁਣ ਜਦ ਉਸਨੇ ਤੱਕਿਆ ਭੈੜੀ ਰਾਤ ਨੂੰ
ਜਿਸ ਨੇ ਉਸਦਾ ਪਿੰਡ ਪਿਆਰਾ ਘੇਰਿਆ।
ਆਪਣਾ ਖੂੰਡਾ ਖੂੰਜੇ ਵਿਚੋਂ ਕੱਢਕੇ
ਢਾਰੇ ਉਤੇ ਚੜ੍ਹਕੇ ਉਹ ਲਲਕਾਰਿਆ:-

ਜਾਗੋ! ਪਿੰਡ ਦੇ ਲੋਕੋ ਜਾਗੋ ਸੁਤਿਓ!!
ਜਾਗੋ! ਪਿੰਡ ਦੇ ਲੋਕੋ ਨੀਂਦ ਵਿਗੁਤਿਓ!!!
ਲੁਟਦੇ ਚੋਰ ਉਚੱਕੇ ਪਿੰਡ ਤੁਸਾਡੜਾ
ਪਿੰਡ-ਜੀਹਦੇ ਲਈ ਖ਼ੂੰਨ ਤੁਹਾਡਾ ਡੁਲ੍ਹਿਆ।
ਪਿੰਡ ਦੇ ਉਤੇ ਪਹਿਰਾ ਇਕ ਤਲਵਾਰ ਦਾ
ਖੰਜਰ ਪਿੰਡ ਦੇ ਦਿਲ ਵਿਚ ਹੈ ਕੋਈ ਖੁਭਿਆ।
ਪਿੰਡ ਦੇ ਲੋਕੋ! ਹੈ ਕੋਈ ਜੀਂਦਾ ਜਾਗਦਾ?'
ਬੁੱਢੇ ਦਾ ਲਲਕਾਰਾ ਜਦ ਇਹ ਗੂੰਜਿਆ
ਪਿੰਡ ਦੇ ਉਤਰ ਪੱਤੀ ਇਕ 'ਪੰਜਾਬ' ਸੀ
ਜਿਸ ਪੱਤੀ ਦੇ ਲੋਕੀ ਮੰਨੇ ਸੂਰਮੇ
ਪੱਤੀ ਦੇ ਕੁਝ ਚੋਬਰ ਸੁਣਕੇ ਵਾਜ ਨੂੰ
ਕੋਠਿਆਂ ਉਤੇ ਆ ਗਏ ਛਾਲਾਂ ਮਾਰਦੇ।
ਖ਼ੂੰਨ ਉਹਨਾਂ ਦਾ ਅੱਗੇ ਰਹਿ ਰਹਿ ਖੌਲਦਾ
ਬੁੱਢੇ ਦੀ ਗੱਲ ਸੁਣਕੇ ਇਕ ਦਮ ਖੌਲਿਆ।
ਪਿੰਡ ਦੇ ਗੁਰੂਦੁਵਾਰੇ ਅਗਲੀ ਭਲਕ ਹੀ
ਤਕੜਾ ਖਾਸਾ 'ਕੱਠ ਉਨ੍ਹਾਂ ਨੇ ਸੱਦਿਆ।
ਖੁਲ੍ਹੀ ਹੋਈ ਗੱਲ ਖੰਜਰ ਤਲਵਾਰ ਦੀ
ਪੰਜ ਚੋਬਰਾਂ ਵਿਚੋਂ ਇਕ ਨੇ ਆਖਿਆ:

ਗ਼ੈਰਤ ਮਿੱਟੀ ਵਿਚ ਮਿਲੀ ਹੈ ਪਿੰਡ ਦੀ

ਚੋਰ ਉਚੱਕਾ ਬਣਿਆ ਹੈ ਅੱਜ ਚੌਧਰੀ।
ਪਿੰਡ ਦੇ ਉਤੇ ਲਟਕ ਰਹੀ ਤਲਵਾਰ ਹੈ
ਜ਼ੁਲਮ ਜੀਹਦੇ ਨੇ ਕੋਹਿਆ ਸਾਰੇ ਪਿੰਡ ਨੂੰ।
ਸਾਡੇ ਵਡਿਆਂ ਕਾਬੂ ਕੀਤਾ ਜਬਰ ਨੂੰ,
ਤੇਗ ਬਹਾਦਰ ਗੁਰ ਦੀ ਅਸੀਂ ਸੰਤਾਨ ਹਾਂ
ਜਿਸ ਨੇ ਪਿੰਡ ਦੀ ਖ਼ਾਤਰ ਦਿੱਤੀ ਜਾਨ ਸੀ।
ਅਸੀਂ ਹਾਂ ਪੁੱਤਰ ਓਸ ਗੁਰੂ ਗੋਬਿੰਦ ਦੇ
ਜਿਸਨੇ ਪਿੰਡ ਦੀ ਖ਼ਾਤਰ ਟੱਬਰ ਵਾਰਿਆ।
ਕਿੰਨੇ ਸਾਡੀ ਪੱਤੀ ਦੇ ਮਰ ਜੀਵੜੇ
ਪਿੰਡ ਦੀ ਖ਼ਾਤਰ ਹੁਣ ਤਕ ਮਰ ਗਏ ਜੂਝਦੇ।
ਹੁਣ ਵੀ ਪਿੰਡ ਦੀ ਰੱਖਿਆ ਸਾਡਾ ਧਰਮ ਹੈ।
ਅੱਜ ਅਸੀਂ ਸਹੁੰ ਖਾਈਏ ਆਪਣੇ ਇਸ਼ਟ ਦੀ
ਪਿੰਡ ਦੇ ਸਿਰ ਤੋਂ ਲਾਹ ਦੇਣੀ ਤਲਵਾਰ ਹੈ!
ਖੰਜਰ ਖੁਭਿਆ ਪਿੰਡ ਦੇ ਦਿਲ ਚੋਂ ਕੱਢਣਾ!!

ਛੱਡ ਜੈਕਾਰੇ ਨਿਕਲੇ ਕਰਕੇ ਗੁਰਮਤਾ
ਪਿੰਡ ਦੀ ਸੱਥ ਵਿਚ ਪੁੱਜੇ ਉਹ ਲਲਕਾਰਦੇ।
ਸੁਣ ਲਲਕਾਰੇ ਜਾਗੇ ਲੋਕੀ ਪਿੰਡ ਦੇ
ਪਿੰਡ ਦੇ ਵਿਚੋਂ ਉਠਿਆ ਇਕ ਤੂਫ਼ਾਨ ਤਦ।
ਤੱਕ ਕੇ ਪੀਲਾ ਰੰਗ ਹੋਇਆ ਤਲਵਾਰ ਦਾ।
ਖੰਜਰ ਨੇ ਤਦ ਸੱਦੇ ਪਿੰਡ ਦੇ ਚੌਧਰੀ
ਪੜ੍ਹਿਆ ਇਕ ਪਰਵਾਨਾ ਮਾਂ ਤਲਵਾਰ ਦਾਃ
ਕੈਦ ਕਿਲੇ ਵਿਚ ਕਰ ਲਓ ਪਿੰਡ ਦੇ ਗੱਭਰੂ
ਨੱਥ ਲਈਏ ਇਹ ਝੱਖੜ ਤਾਂ ਕਿ ਝੁਲਿਆ।

ਸੀਖਾਂ ਅੰਦਰ ਦੇਣਾ ਕਿਸੇ ਤੂਫ਼ਾਨ ਨੂੰ
ਇਹ ਤਾਂ ਇਕ ਸੀ ਵਹਿਮ ਨਿਰਾ ਤਲਵਾਰ ਦਾ।

ਬਹੁਤ ਸਤਾਏ ਕੈਦ 'ਚ ਪਿੰਡ ਦੇ ਗਭਰੂ
ਸਿਰ ਨਾ ਐਪਰ ਝੁਕਿਆ ਕਿਸੇ ਜੁਆਨ ਦਾ।

ਹੰਭੀ ਹਾਰੀ ਫਿਰ ਜ਼ਰਦ ਤਲਵਾਰ ਨੇ
ਸੋਚ ਸੋਚ ਕੇ ਸੱਦੇ ਪਿੰਡ ਦੇ ਚੌਧਰੀ।
ਚੌਧਰੀਆਂ ਦੀ ਮਹਿਫ਼ਲ ਵਿਚ ਉਸ ਆਖਿਆ!
ਇੰਝ ਤੇ ਮੁਮਕਨ ਰੁਕਣਾ ਨਹੀਂ ਤੂਫ਼ਾਨ ਇਹ।
ਕਿਉਂ ਨਾ ਪਿੰਡ ਦੇ ਇਕ ਇਕ ਜੀ ਤੋਂ ਪੁੱਛੀਏ
ਮੇਰੇ ਬਾਝੋਂ ਪਿੰਡ ਦਾ ਵਾਰਸ ਕੌਣ ਹੈ?
ਪਿੰਡ ਦੇ ਭੋਲੇ ਲੋਕੀਂ ਆਪੇ ਕਹਿਣਗੇ
ਸਾਡਾ ਸਰਦਾ ਨਹੀਂ ਬਿਨ੍ਹਾਂ ਤਲਵਾਰ ਦੇ।
ਇਹ ਵੀ ਸੀ ਪਰ ਵਹਿਮ ਨਿਰਾ ਤਲਵਾਰ ਦਾ
ਬੰਦ ਕਿਲੇ ਨੂੰ ਉਸ ਦਿਨ ਉਸਨੇ ਖੋਲ੍ਹਕੇ

ਪਿੰਡ ਦੇ ਅੰਦਰ ਇਕ ਢੰਡੋਰਾ ਫੇਰਿਆ
ਪਿੰਡ ਦੇ ਲੋਕਾਂ ਚੁਣਨੀ ਨਵੀਂ ਪੰਚਾਇਤ ਹੈ।

ਉਸ ਤੋਂ ਪਿਛੋਂ ਪਿੰਡ ਦੇ ਲੋਕਾਂ ਤੱਕਿਆ
ਲਾਇਆ ਸਾਰਾ ਤਾਣ ਖੰਜਰ ਤਲਵਾਰ ਨੇ।
ਕਿਹੜਾ ਸੀ ਉਹ ਸਾਧਨ ਜੁ ਨਾ ਵਰਤਿਆ?
ਪਰ ਵੋਟਾਂ ਦੇ ਦਿਨ ਇਹ ਭਾਣਾ ਵਰਤਿਆ
ਸਾਰਾ ਪਿੰਡ ਜੁ ਦਿਸਦਾ ਸੀ ਤਲਵਾਰ ਦਾ।
ਬਾਬੇ ਦੇ ਵੱਲ ਇਕ ਇਕ ਕਰਕੇ ਭੁਗਤਿਆ।
ਲੋਕਾਂ ਸਿਰ ਤੋਂ ਲਾਹ ਦਿੱਤੀ ਤਲਵਾਰ ਸੀ
ਪਰ੍ਹੇ ਵਗਾਹਿਆ ਖੰਜਰ ਦਿਲ ਚੋਂ ਖੁਭਿਆ।
ਚੁਣ ਲਈ ਲੋਕਾਂ ਮਨ ਦੀ ਇੰਝ ਪੰਚਾਇਤ ਸੀ
ਲਗਦਾ ਸੀ ਇਹ ਪਿੰਡ ਸੁੱਤਾ ਨਹੀਂ ਜਾਗਿਆ।

ਹੁਣ ਇਸ ਪਿੰਡ ਦੀ ਆਪਣੀ ਨਵੀਂ ਪੰਚਾਇਤ ਹੈ
ਹੁਣ ਬੁੱਢੇ ਦਾ ਪਿੰਡ ਵਿਚ ਖੂੰਡਾ ਖੜਕਦਾ।
ਕੋਈ 'ਚੌਧਰੀ' ਹੁਣ ਨਾ ਪਿੰਡ ਵਿਚ ਰੜਕਦਾ।
ਹੁਣ ਪਿੰਡ ਦੀ ਪੰਚਾਇਤ ਕੀ ਹੈ ਸੋਚਦੀ?
ਹੁਣ ਪਿੰਡ ਦੀ ਪੰਚਾਇਤ ਕੀ ਹੈ ਚਿਤਵਦੀ?
ਹੁਣ ਪਿੰਡ ਦੇ ਇਹ ਕਿੰਨੇ ਕੁ ਕੰਮ ਕਰੇਗੀ?
ਹੁਣ ਪਿੰਡ ਦੀ ਇਹ ਕਿੰਨੀ ਪੀੜਾ ਹਰੇਗੀ?
ਪਿੰਡ ਦੇ ਲੋਕੀ ਇਸਦੇ ਵੱਲ ਨੇ ਵੇਖਦੇ!
ਪਿੰਡ ਦੇ ਲੋਕੀਂ ਅੱਜ ਨੇ ਜਿਉਂਦੇ-ਜਾਗਦੇ!!

♣

# ਮੇਰੇ ਵਤਨ

ਮੇਰੇ ਵਤਨ-
ਕਲ ਸੁਬਾਹ ਮੈਂ ਤੇਰੀ
ਮਾਂ ਵਰਗੀ ਨਿੱਘੀ ਧਰਤ ਤੋਂ ਦੂਰ ਚਲੇ ਜਾਣਾ ਹੈ।
ਤੇ ਪਤਾ ਨਹੀਂ ਕਿੰਨੇ ਵਰ੍ਹਿਆਂ ਬਾਦ
ਪਰਤ ਕੇ ਆਣਾ ਵੀ ਹੈ ਜਾਂ ਨਹੀਂ ਆਣਾ ਹੈ!

ਉਂਝ ਮੈਨੂੰ ਬੜੇ ਹੀ ਪਿਆਰੇ ਹਨ
ਤੇਰੇ ਬਦਲਦੇ ਮੌਸਮ, ਹਰੇ ਖੇਤ, ਦਰਿਆ
ਤੇ ਦਰਿਆਵਾਂ ਵਿਚ ਸ਼ੂਕਦੇ ਪਾਣੀ।
ਅੰਬਰ ਵਿੱਚ ਉੱਡਦੇ ਰੰਗੀਨ ਪੰਛੀ
ਚਰਦੇ ਇੱਜੜ ਬੁੱਢੇ ਮਾਂ-ਬਾਪ ਮਿੱਤਰ
ਤੇ ਬਚਪਨ ਦੇ ਹਾਣੀ।

ਮੇਰੇ ਵਤਨ-
ਮੈਂ ਤੇਰੀ ਤਾਰੀਖ਼ ਵਾਚੀ ਹੈ ਤੇ ਮੈਂ ਤੇਰੇ ਤੇ ਮਾਣ ਕਰਦਾ ਹਾਂ
ਮੈਂ ਤੇਰੀ ਕਸਮ ਖਾ ਕੇ ਕਹਿੰਦਾ ਹਾਂ
ਕਿ ਮੈਂ ਤੇਰਾ ਸਨਮਾਨ ਕਰਦਾ ਹਾਂ! ਤੈਨੂੰ ਪ੍ਰਣਾਮ ਕਰਦਾ ਹਾਂ!!
ਮੈਂ ਬੇਸ਼ਕ ਤੇਰੀ ਧਰਤ ਤੋਂ ਦੂਰ ਚੱਲਿਆ ਹਾਂ
ਪਰ ਤੂੰ ਮੇਰੇ ਦਿਲ 'ਚ ਤਾਂ ਮੇਰੇ ਨਾਲ ਹੀ ਰਹਿਣਾ ਹੈ!
ਕਲ ਨੂੰ ਪਰਦੇਸ ਵਿਚ ਕਿਸੇ ਉਦਾਸੀ ਸ਼ਾਮ ਵਿਚ
ਉਦਾਸ ਵੀ ਹੋਵਾਂਗਾ ਤਾਂ ਮੈਂ ਤੇਰਾ ਨਾਮ ਹੀ ਲੈਣਾ ਹੈ।
ਤੇ ਨਾਮ ਲੈ ਕੇ ਹੀ ਰੋ ਪੈਣਾ ਹੈ!
ਮਜ਼ਬੂਰੀ ਤਾਂ ਬੱਸ ਚੰਦਰੇ ਪੇਟ ਦੀ ਹੀ ਹੈ
ਜਿਸ ਲਈ ਤੂੰ ਜਾਣਦਾ ਹੈਂ ਮੈਂ ਜਾ ਰਿਹਾ ਹਾਂ।
ਉਂਝ ਮੈਂ ਤੇਰੀ ਗੋਦ ਨੂੰ ਛੱਡ ਕੇ ਜਾਣ 'ਤੇ
ਸੱਚ ਜਾਣੀਂ ਦਿਲੋਂ ਪਛਤਾ ਰਿਹਾ ਹਾਂ।
ਬਹੁਤ ਪਛਤਾ ਰਿਹਾ ਹਾਂ!
ਜਦੋਂ ਵੀ ਕਦੇ ਕੋਈ ਫੈਕਟਰੀ ਵਿਚ ਲੰਚ ਟਾਈਮ 'ਤੇ
ਅਸੀਂ ਪਰਵਾਸੀ ਆਪਣੇ ਮੁਲਕਾਂ ਦੀ ਗੱਲ ਕਰਾਂਗੇ
ਮੈਂ ਤੇਰਾ ਦਮ ਭਰਾਂਗਾ-ਤੂੰ ਫ਼ਿਕਰ ਨਾ ਕਰੀਂ!
ਮੈਂ ਤੇਰੀ ਹਰ ਲੁਕੋਣ ਵਾਲੀ ਗੱਲ ਨੂੰ ਲਕੋਵਾਂਗਾ
ਤੇ ਉਛਾਲਣ ਵਾਲੀ ਨੂੰ ਉਛਾਲਾਂਗਾ
ਤੇ ਤੇਰੀ ਭਰਵੀਂ ਪ੍ਰਸੰਸਾ ਕਰਾਂਗਾ-ਤੂੰ ਫ਼ਿਕਰ ਨਾ ਕਰੀਂ।

ਮੈਂ ਤੇਰੇ ਨਾਲ ਅੱਜ ਵਚਨ ਕਰਦਾ ਹਾਂ-ਮੇਰੇ ਵਤਨ!
ਮੈਂ ਹਿਮਾਲਾ ਵੇਖਿਆ ਨਹੀਂ
ਪਰ ਮੈਂ ਉਸ ਦੀ ਬੁਲੰਦੀ ਦੀ ਕਹਾਣੀ
ਉਸ ਜਿੰਨ੍ਹਾਂ ਹੀ ਬੁਲੰਦ ਹੋ ਕੇ ਹੀ ਸੁਣਾਵਾਂਗਾ

ਮੈਂ ਅਜੰਤਾ ਅਲੋਰਾ ਬਾਰੇ ਸਿਰਫ ਸੁਣਿਆ ਹੀ ਹੈ
ਪਰ ਮੈਂ ਇਸ ਦੀਆਂ ਗੁਫਾਵਾਂ ਦੇ ਧੁਰ ਤੀਕ ਲਹਿ ਜਵਾਂਗਾ।
ਮੈਂ ਗੀਤਾ, ਕੁਰਾਨ ਤੇ ਗਰੰਥ ਦੇ ਅਮੋਲ ਬਚਨਾਂ ਨੂੰ
ਮੰਤਰ-ਮੁਗਧ ਹੋ ਕੇ ਪੜ੍ਹਾਂਗਾ
ਤੇ ਪਰਵਾਸੀਆਂ ਦੇ ਸੀਨਿਆਂਵਿਚ ਠੰਢ ਪਾਵਾਂਗਾ।
ਮੈਂ ਬੁੱਧ  ਨਾਨਕ ਅਤੇ ਗਾਂਧੀ ਦੇ ਠੰਢੇ ਮਿੱਠੇ ਬਚਨਾਂ ਨੂੰ
ਦਰ ਦਰ ਭਟਕਦੇ ਲੋਕਾਂ ਦੀ ਰੂਹ ਤੀਕ ਪਹੁੰਚਾਵਾਂਗਾ।
ਮੈਂ ਵੇਦਾਂ ਤੇ ਸ਼ਾਸ਼ਤਰਾਂ ਵਿਚ ਜਿੰਨੀ ਵੀ ਸੱਚਾਈ ਹੈ
ਭੋਰਾ ਵੱਧ ਹੀ ਦੱਸਾਂਗਾ-ਤੂੰ ਫ਼ਿਕਰ ਨਾ ਕਰੀਂ!
ਮੈਂ ਤਾਜ, ਹਰਿਮੰਦਰ ਤੇ ਕਸ਼ਮੀਰ ਦੇ ਉਨ੍ਹਾਂ ਨੂੰ
ਸਾਖਿਆਤ ਦਰਸ਼ਨ ਕਰਵਾਵਾਂਗਾ ਤੇ ਉਨ੍ਹਾਂ ਦਾ ਦਿਲ ਖਸਾਂਗਾ
ਤੂੰ ਫ਼ਿਕਰ ਨਾ ਕਰੀਂ!!

ਮੇਰਾ ਚੇਤਾ ਖ਼ੁਦਾ ਆਸਰੇ-ਬੜਾ ਹੀ ਚੰਗਾ ਹੈ
ਮੈਨੂੰ ਤੇਰੇ ਮਿਥਿਹਾਸਕ ਤੇ ਇਤਿਹਾਸਕ ਪਾਤਰ ਉਂਗਲਾਂ 'ਤੇ ਯਾਦ ਹਨ
ਮੈਂ ਉਨ੍ਹਾਂ ਦੀ ਵਫ਼ਾ ਸੱਚਾਈ ਨੇਕ-ਨੀਅਤੀ ਤੇ ਬਹਾਦਰੀ ਦੀ ਦਾਸਤਾਂ
ਮਸਾਲਾ ਲਾ ਲਾ ਕੇ ਸੁਣਾਵਾਂਗਾ-ਤੂੰ ਫ਼ਿਕਰ ਨਾ ਕਰੀਂ!
ਤੂੰ ਇਕੇਰ ਖੰਭ ਖੁਹਾ ਕੇ ਵੀ ਆਜ਼ਾਦੀ ਤੋਂ ਮਗਰੋਂ
ਸਗੋਂ ਕਿਵੇਂ ਸੋਨੇ ਦਾ ਚਿੜਾ ਬਣ ਗਿਆ ਹੈਂ
ਤੇਰੀ ਉਨਤੀ ਦੀਆਂ ਸਾਰੀਆਂ ਗੱਲਾਂ
ਇਕ ਇਕ ਕਰਕੇ ਗਿਣਾਵਾਂਗਾ-ਤੂੰ ਫ਼ਿਕਰ ਨਾ ਕਰੀਂ
ਵਹਿਮ ਨਾ ਕਰੀਂ ਮੇਰੇ ਵਤਨ
ਮੈਂ ਹਿੱਕ ਥਾਪੜ ਕੇ ਆਖਾਂਗਾ
ਕਿ ਮੇਰੇ ਮੁਲਕ ਦੇ ਅਜੋਕੇ ਰਹਿਨੁਮਾਵਾਂ ਤੇ ਮੁਲਕ ਨਾਜ਼ ਕਰਦਾ ਹੈ।
ਉਹ ਜੋ ਕਹਿੰਦੇ ਹਨ ਉਹ ਹੀ ਕਮਾਉਂਦੇ ਹਨ
ਤੇ ਉਹਨਾਂ ਦੇ ਭਾਸ਼ਨਾਂ ਨੂੰ ਸੁਣਨ ਲਈ ਲੋਕ
ਭਾਰੀ ਗਿਣਤੀ ਵਿਚ ਆਉਂਦੇ ਹਨ।
... ...ਤੇ ਆਪ ਆਉਂਦੇ ਹਨ।

ਮੈਂ ਕਹਾਂਗਾ-
ਮੇਰੇ ਦੇਸ਼ ਦਾ ਹਰ ਨੇਤਾ ਇਹ ਐਲਾਨ ਕਰਦਾ ਹੈ
ਕਿ ਉਹ ਕਿਸੇ ਪ੍ਰੀਤੀ-ਭੋਜਨ 'ਤੇ ਨਹੀਂ ਜਾਵੇਗਾ
ਤੇ ਉਸ ਨੂੰ ਮੂੰਹ ਨਹੀਂ ਲਾਵੇਗਾ।
ਉਹ ਕੋਈ ਪਾਰਟੀ ਨਹੀਂ ਕਬੂਲੇਗਾ
ਇਥੋਂ ਤੱਕ ਕਿ ਗੇਂਦਿਆਂ ਦਾ ਇਕ ਹਾਰ ਵੀ
ਆਪਣੇ ਗਲ ਵਿਚ ਨਹੀਂ ਪੁਆਵੇਗਾ।

ਮੈਂ ਕਹਾਂਗਾ-
ਇਹ ਬਿਲਕੁਲ ਝੂਠ ਹੈ ਜੇ ਕਿਸੇ ਨੇ
ਮੇਰੇ ਦੇਸ਼ ਦੇ ਕਿਸੇ ਨੇਤਾ ਦੇ ਗਲ ਵਿਚ

ਇਕ ਵੀ ਹਾਰ ਤੱਕਿਆ ਹੋਵੇ।
ਇਸ ਤੋਂ ਵੱਡਾ ਕੁਫ਼ਰ ਹੋਰ ਹੋ ਹੀ ਕੀ ਸਕਦਾ ਹੈ।
ਕਿ ਕਿਸੇ ਨੇਤਾ ਨੇ ਮਣ ਵੀਹ ਸੇਰ
ਗੇਂਦਿਆਂ ਦਾ ਭਾਰ ਵੀ ਚੁੱਕਿਆ ਹੋਵੇ।
ਮੈਂ ਕਹਾਂਗਾ...ਹਾਂ ਠੋਕ ਵਜਾ ਕੇ ਕਹਾਂਗਾ ਕਿ
ਸਾਡੇ ਨੇਤਾਵਾਂ ਦੇ ਭਾਸ਼ਣ ਬੜੇ ਹੀ ਮਜੇਦਾਰ ਹੁੰਦੇ ਹਨ
ਬੜੇ ਹੀ ਲੱਛੇਦਾਰ ਹੁੰਦੇ ਹਨ।
ਮੈਂ ਉਹਨਾਂ ਨੂੰ ਝੂਠੇ ਸਾਬਤ ਕਰਾਂਗਾ ਮੇਰੇ ਵਤਨ!
ਜੋ ਕਹਿੰਦੇ ਹਨ ਕਿ ਉਹ ਵਾਅਦੇ ਕਰਦੇ ਹੀ
ਪੰਡਾਲ ਤੋਂ ਬਾਹਰ ਹੁੰਦੇ ਹਨ।
ਮੈਂ ਕਹਾਂਗਾ ਕਿ ਸਾਡੇ ਨੇਤਾ ਚੌਧਰ ਦੇ ਭੁੱਖੇ ਨਹੀਂ
ਜੁ ਦਿਨ ਭਰ ਉਦਘਾਟਨ ਹੀ ਕਰਦੇ ਫਿਰਨ
ਤੇ ਇਹ ਵੀ ਕਹਾਂਗਾ ਕਿ ਉਹਨਾਂ ਨੂੰ
ਪ੍ਰਸੰਸਾ ਦੀ ਬਿਲਕੁਲ ਤ੍ਰਿਸਨਾਂ ਨਹੀਂ
ਕਿ ਉਹ ਮਾਣ-ਪੱਤਰ ਹੀ ਕੱਠੇ ਕਰਦੇ ਫਿਰਨ!
ਤੇ ਪੱਥਰ ਹੀ ਧਰਦੇ ਫਿਰਨ!!
ਮੈਂ ਦੱਸਾਂਗਾ ਕਿ ਉਹਨਾਂ ਦੇ ਮਨ ਵਿਚ
ਮੁਲਕ ਦੀ ਚਿੱਤਾ ਚਿਖਾ ਵਾਂਗ ਬਲਦੀ ਹੈ
ਉਹ ਦਿਨ ਕਿਤੇ ਕੱਟਦੇ ਹਨ ਤੇ ਰਾਤ ਕਿਤੇ ਕੱਟਦੇ ਹਨ।
ਉਹ ਹੜ੍ਹਾਂ ਤੇ ਸੋਕਿਆਂ ਦੇ ਮਾਰੇ ਲੋਕਾਂ ਦੇ ਹੰਝੂ ਹੱਥੀਂ ਪੂੰਝਦੇ ਹਨ
ਵਿਕਾਰੇ ਗਰਮੀ ਕਿਤੇ ਕੱਟਦੇ ਹਨ ਤੇ ਬਰਸਾਤ ਕਿਤੇ ਕੱਟਦੇ ਹਨ।

ਮੈਂ ਕਹਾਂਗਾ-
ਮੇਰੇ ਨੇਤਾ ਹਰ ਸ਼ਾਮ ਨੂੰ ਦੋ ਦੋ ਚਪਾਤੀਆਂ
ਤੇ ਜਾਂ ਬੱਸ ਮਸਰ ਦੀ ਦਾਲ ਹੀ ਖਾਂਦੇ ਹਨ
ਕਿਸੇ ਕੌੜੀ ਮਿੱਠੀ ਚੀਜ਼ ਨੂੰ ਮੂੰਹ ਨਹੀਂ ਲਾਉਂਦੇ
ਵਿਚਾਰੇ ਸਾਦਾ ਖਾਂਦੇ ਹਨ ਤੇ ਸਾਦਾ ਹੀ ਹੰਢਾਂਦੇ ਹਨ।

ਮੈਂ ਦੱਸਾਂਗਾ-
ਮੇਰੇ ਦੇਸ਼ ਵਿਚ ਹਰ ਨੇਤਾ ਵਰਕਰ ਤੋਂ ਉਠਦਾ ਹੈ
ਇਥੇ ਹਰੇਕ ਗੱਦੀ 'ਤੇ ਜਨਤਾ ਦਾ ਸੇਵਕ ਹੀ ਬਿਠਾਇਆ ਜਾਂਦਾ ਹੈ
ਇੱਥੇ ਹੋਰ ਮੁਲਕਾਂ ਵਾਂਗ ਰਾਤੋ ਰਾਤ ਨੇਤਾ ਨਹੀਂ ਬਣਦੇ
ਤੇ ਨਾ ਹੀ ਕਿਸੇ ਨੂੰ ਝੂਠੀ ਇਸ਼ਤਿਹਾਰਬਾਜ਼ੀ ਰਾਹੀਂ
ਅਜਾਈਂ ਅਸਮਾਨ 'ਤੇ ਚੜ੍ਹਾਇਆਂ ਜਾਂਦਾ ਹੈ
ਇਹ ਵੀ ਕਹਾਂਗਾ ਕਿ ਇੱਥੇ ਗੱਲਾਂ ਦੀ ਨਹੀਂ
ਕੰਮ ਦੀ ਕਦਰ ਹੈ
ਕੰਮ-ਜੋ ਕੌਮ ਦੀ ਤਕਦੀਰ ਬਦਲ ਦੇਂਦਾ ਹੈ
ਕੰਮ-ਜਿਸ ਦੇ ਕ੍ਰਿਸ਼ਮੇ ਨਾਲ ਉਤਪਾਦਨ ਵੱਧਦਾ ਹੈ
ਕੰਮ-ਜੋ ਕਿਸੇ ਦੇਸ਼ ਦੀ ਤਸਵੀਰ ਬਦਲ ਦੇਂਦਾ ਹੈ।

ਮੈਂ ਕਹਾਂਗਾ-
ਦਲਬਦਲੀ ਦੀ ਲਾਹਣਤ ਮੇਰੇ ਦੇਸ਼ ਵਿੱਚ ਨਹੀਂ
ਇੱਥੇ ਤਾਂ ਜਿੱਥੇ ਕੋਈ ਖੜ ਗਿਆ ਬਸ ਉਥੇ ਹੀ ਖੜਾ ਰਹਿੰਦਾ ਹੈ
ਚੌਧਰ ਜਾ ਵਜ਼ੀਰੀ ਇੱਥੇ ਕਿਸੇ ਦੇ ਸਤ ਨੂੰ ਨਹੀਂ ਡੁਲਾ ਸਕਦੀ
ਇੱਥੇ ਜਿਸ ਪਾਰਟੀ ਜਾਂ ਧੜੇ ਵਿਚ ਨੇਤਾ ਜੰਮਦਾ ਹੈ
ਉਸ ਦੀ ਉਹੀਓ ਹੀ ਪਾਰਟੀ ਤੇ ਉਹੀਓ ਹੀ ਧੜਾ ਰਹਿੰਦਾ ਹੈ।

ਮੈਂ ਕਹਾਂਗਾ ਮੇਰੇ ਵਤਨ!
ਸਾਡੀ ਪੁਲੀਸ ਲੋਕਾਂ ਦੀ ਜਾਨੀ ਮਾਲੀ ਹਿਫ਼ਾਜ਼ਤ ਦੀ ਜ਼ਾਮਿਨ ਹੈ
ਉਹ ਜੁਰਮ ਰੋਕਦੀ ਹੈ ਜੁਰਮ ਕਰਵਾਉਂਦੀ ਤਾਂ ਨਹੀਂ।
ਇੱਥੇ ਹੋਰ ਦੇਸ਼ਾਂ ਵਾਂਗ ਚੋਰੀਆਂ ਵਿਚ ਪੁਲੀਸ ਦਾ ਹੱਥ ਨਹੀਂ ਹੁੰਦਾ
ਪੁਲੀਸ ਕਾਤਲਾਂ ਦੇ ਖੁਰੇ ਖੋਜਦੀ ਹੈ ਕਤਲ ਕਰਵਾਉਂਦੀ ਤਾਂ ਨਹੀਂ।
ਇੱਥੋਂ ਦਾ ਕਾਨੂੰਨ ਹਰ ਉੱਚੇ ਨੀਵੇਂ ਲਈ ਇੱਕੋ ਜਿਹਾ ਹੈ
ਇਹ ਨਾ ਹੀ ਕਿਸੇ ਤਕੜੇ ਨੂੰ ਛੱਡਦਾ ਹੈ
ਨਾ ਹੀ ਕਿਸੇ ਨਿਤਾਣੇ ਨੂੰ ਐਵੇਂ ਆ ਫੜ੍ਹਦਾ ਹੈ।
ਇੱਥੇ ਮੁਨਸਿਫ਼ਾਂ ਦੇ ਤਰਾਜ਼ੂਆਂ ਨਾਲ ਥੈਲੀਆਂ ਦੇ ਪਾਸਕੂ ਨਹੀਂ ਬੱਝਦੇ
ਇੱਥੇ ਅਦਾਲਤਾਂ ਵਿਚ ਸੱਚੋ ਹੀ ਸੱਚ ਨਿਬੜਦਾ ਹੈ।
ਮੇਰੇ ਦੇਸ਼ ਵਿਚ ਧਰਮ ਨਿਰਪੱਖ ਪਰਜਾ ਤੰਤਰ ਸਥਾਪਤ ਹੈ
ਧਰਦ ਦੀ ਸਹੁੰ ਇੱਥੇ ਕਿਸੇ ਵੀ ਧਰਮ ਨੂੰ ਖ਼ਤਰਾ ਨਹੀਂ ਹੈ।
ਮੇਰੇ ਦੇਸ਼ ਦਾ ਅਣੂੰ ਅਣੂੰ ਸਮਾਜਵਾਦੀ ਹੈ
ਇੱਥੇ ਜਾਤ ਪਾਤ ਦਾ ਕੋਈ ਵੜਾ-ਵਿਤਕਰਾ ਨਹੀਂ ਹੈ।

ਮੈਂ ਕਹਾਂਗਾ-
ਮੇਰੇ ਦੇਸ਼ ਦੇ ਹਰ ਦਫ਼ਤਰ ਦਾ ਹਰ ਬਾਬੂ ਬੜਾ ਹੀ ਛੁਹਲਾ ਹੈ।
ਇੱਥੇ ਮਹੀਨਿਆਂ-ਮੂੰਹੀਂ ਕਾਗ਼ਜ਼ ਟਰੇਆਂ ਵਿਚ ਨਹੀਂ ਪਏ ਰਹਿੰਦੇ।
ਇੱਥੋਂ ਦੇ ਅਫ਼ਸਰ ਸਹੀ ਅਰਥਾਂ ਵਿਚ ਇਮਾਨਦਾਰ ਹਨ।
ਉਹ ਝੂਠੇ ਟੀ. ਏ. ਬਿੱਲ ਨਹੀਂ ਉਗਰ੍ਹਾਉਂਦੇ
ਤੇ ਘਰ ਦੇ ਦੌਰਿਆਂ 'ਤੇ ਹੀ ਨਹੀਂ ਗਏ ਰਹਿੰਦੇ।
ਮੈਂ ਇਹ ਵੀ ਕਹਾਂਗਾ
ਕਿ ਮੇਰੇ ਦੇਸ਼ ਵਿਚ ਸਭ ਥਾਵਾਂ
ਯੋਗਤਾ ਦੇ ਆਧਾਰ ਤੇ ਭਰੀਆਂ ਜਾਂਦੀਆਂ ਹਨ
ਸਿਫ਼ਾਰਸ਼ ਦੀ ਬਿਮਾਰੀ ਨੂੰ ਉੱਕਾ ਹੀ ਹਿਟਾ ਦਿੱਤਾ ਗਿਆ ਹੈ।
ਰਿਸ਼ਵਤ ਖੋਰੀ ਦਾ ਨਾਮ ਲੈਣਾ ਵੀ ਵਿਵਰਜਤ ਹੈ
ਇੱਥੇ ਹਰ ਮਹਿਕਮੇ ਵਿਚ ਚੋਰ ਦਰਵਾਜ਼ੇ ਨੂੰ
ਅਸਾਂ ਪੱਕਾ ਤਾਲਾ ਹੀ ਨਹੀਂ
ਸਗੋਂ 2-1 ਦਾ ਸੀਮੈਂਟ ਹੀ ਲਗਾ ਦਿੱਤਾ ਹੈ।

ਮੈਂ ਦਸਾਂਗਾ ਮੇਰੇ ਵਤਨ!
ਹਰ ਲੋੜੀਂਦੀ-ਚੀਜ਼ ਸਾਨੂੰ ਹਵਾ ਵਾਂਗ ਆਮ ਮਿਲਦੀ ਹੈ
ਚੋਰ-ਬਾਜ਼ਾਰੀ ਦੇ ਜਿੰਨ ਨੂੰ ਅਸੀਂ ਮੁਲਕ ਚੋਂ ਹੀ ਕੱਢ ਛੱਡਿਆ ਹੈ

ਇੱਥੇ ਨੇਤਾ ਜੀ ਦੇ ਭਾਸ਼ਣ ਤੋਂ ਲੈ ਕੇ ਰਾਸ਼ਣ ਤੱਕ
ਸਭ ਸ਼ੁੱਧ ਮਿਲਦਾ ਹੈ।
ਮਿਲਾਵਟ ਦੀ ਬੀਮਾਰੀ ਦਾ ਅਸਾਂ ਫ਼ਸਤਾਂ ਹੀ ਵੱਢ ਛੱਡਿਆ ਹੈ।

ਮੇਰੇ ਵਤਨ-
ਮੈਂ ਕੱਚੀਆਂ ਗੋਲੀਆਂ ਨਹੀਂ ਖੇਡਿਆ
ਮੈਂ ਉਨ੍ਹਾਂ ਨੂੰ ਦਿਨ ਨੂੰ ਤਾਰੇ ਵਿਖਾਵਾਂਗਾ-ਤੂੰ ਫ਼ਿਕਰ ਨਾ ਕਰੀਂ!
ਮੈਂ ਤੇਰੀ ਸੋਲਾਂ ਆਨੇ ਸੱਚੀ ਤਾਰੀਫ਼ ਕਰਾਂਗਾ-
ਮੇਰੇ ਸੱਚੇ ਤੇ ਸੁੱਚੇ ਵਤਨ!
ਮੈਂ ਉਹਨਾਂ ਦੀਆਂ ਮੂੰਹ ਵਿਚ ਉਂਗਲਾਂ ਪੁਆਵਾਂਗਾ-ਤੂੰ ਫ਼ਿਕਰ ਨਾ ਕਰੀਂ!

ਮੈਂ ਇਹ ਵੀ ਕਹਾਂਗਾ
ਕਿ ਮੇਰੇ ਲੋਕ ਚੌਕਸ ਹਨ ਵਧਦੀ ਆਬਾਦੀ ਤੋਂ
ਤੇ ਆਏ ਦਿਨ ਹਜ਼ਾਰਾਂ ਦੇਸ਼ ਵਾਸੀ ਅਪਰੇਸ਼ਨ ਕਰਵਾਂਦੇ ਹਨ।
ਉਹਨਾਂ ਨੂੰ ਕਿਹੜਾ ਕੋਈ ਜ਼ਬਰਦਸਤੀ ਲਿਜਾਂਦਾ
ਜਾਂ ਚੁੱਕ ਕੇ ਖੜਦਾ ਹੈ
ਉਹ ਲਾਲਚ ਤੋਂ ਰਹਿਤ ਹੋ ਕੇ ਕਰਵਾਂਦੇ ਹਨ!
ਤੇ ਆਪਣੀ ਮਰਜ਼ੀ ਨਾਲ ਕਰਵਾਂਦੇ ਹਨ!!

ਮੈਂ ਕਹਾਂਗਾ-
ਆਜ਼ਾਦੀ ਤੋਂ ਮਗਰੋਂ
ਅਸਾਂ ਬੜੇ ਹੀ ਡੈਮ ਉਸਾਰੇ, ਕਾਰਖ਼ਾਨੇ ਲਗਾਏ
ਪੁਲ ਬਣਾਏ ਤੇ ਸੜਕਾਂ ਦੇ ਜਾਲ ਵਿਛਾਏ ਹਨ।
ਤੇ ਖਾਸੀਅਤ ਇਹ ਕਿ ਇਹਨਾਂ ਤੇ
ਪੂਰੇ ਨਾਲੋਂ ਭੋਰਾ ਮੈਟੀਰੀਅਲ ਵੱਧ ਹੀ ਲੱਗਾ ਹੋਵੇਗਾ
ਸਾਡੇ ਕਿਸੇ ਵੀ ਠੇਕੇਦਾਰ ਨੇ ਨਾ ਕਦੇ ਤੋਲਾ
ਸੀਮੈਂਟ ਜਾਂ ਲੁੱਕ ਹੀ ਹੇਠਾ ਉੱਤੇ ਕੀਤੀ ਹੈ
ਤੇ ਨਾ ਹੀ ਲੁੱਕ ਨਾਲ ਭਿਉਂ ਕਿ ਕਾਨੇ ਸਰੀਏ ਬਣਾਏ ਹਨ।
ਮੈਂ ਕਹਾਂਗਾ ਤੇ ਜ਼ਰੂਰ ਕਹਾਂਗਾ-ਮੇਰੇ ਵਤਨ!
ਕਿ ਮੇਰੇ ਦੇਸ਼ਵਾਸੀਆਂ ਤੇ ਆ ਕੇ ਈਮਾਨ ਦਾਰੀ ਖ਼ਤਮ ਹੈ
ਇੱਥੇ ਕੋਈ ਇਨਕਮ ਟੈਕਸ ਤੋਂ ਡਰ ਕੇ
ਆਪਣਾ ਕਾਲਾ ਧਨ ਨਹੀਂ ਲੁਕਾਉਂਦਾ।
ਮੇਰਾ ਹਰ ਦੇਸ਼ ਵਾਸੀ ਟੈਕਨੀਸ਼ੀਅਨ ਹੋ ਕੇ ਵੀ
ਬਿਜਲੀ ਦਾ ਪੂਰਾ ਬਿੱਲ ਤਾਰਦਾ ਹੈ
ਉਹ ਇਸ ਤੋਂ ਬਚਣ ਲਈ ਪਿੱਛੇ ਵੱਲ ਮੀਟਰ ਨਹੀਂ ਘੁਮਾਉਂਦਾ।

ਮੈਂ ਕਹਾਂਗਾ-
ਅਸਾਂ ਦੇਸ਼ ਤੋਂ ਮਰ ਮਿਟਣ ਵਾਲੇ ਦੇਸ਼ ਭਗਤਾਂ ਨੂੰ
ਬੁੱਢੇ ਵਾਰੇ ਤਾਮਰ-ਪੱਤਰ ਵੀ ਦਿੱਤੇ ਹਨ
ਤੇ ਇਸ ਤਰ੍ਹਾਂ ਅਸੀਂ ਉਨ੍ਹਾਂ ਨੂੰ ਸਤਿਕਾਰਿਆਂ ਤੇ
ਉਨ੍ਹਾਂ ਦੀਆਂ ਕੁਰਬਾਨੀਆਂ ਦਾ ਪੂਰਾ ਮੁੱਲ ਤਾਰਿਆ ਹੈ।

ਪਰ ਅਸਾਂ ਇਹ ਕਰਦਿਆਂ ਰੱਬ ਦੀ ਸਹੁੰ
ਕਿਸੇ ਨਾਲ ਕੋਈ ਲਿਹਾਜ਼ ਨਹੀਂ ਕੀਤਾ
ਤੇ ਨਾ ਹੀ ਕਦੇ ਕਿਸੇ ਸਾਡੇ ਫ਼ਰੀਡਮ ਫਾਈਟਰ ਨੇ
ਝੂਠ ਹੀ ਮਾਰਿਆ ਹੈ!

ਮੈਂ ਦਸਾਂਗਾ–
ਮੇਰੇ ਦੇਸ਼ ਦੇ ਬੁਢਾਪੇ ਨੂੰ ਹੁਣ ਕੋਈ ਝੋਰਾ ਨਹੀਂ
ਉਨ੍ਹਾਂ ਨੂੰ ਅਸੀਂ ਪੈਨਸ਼ਨਾਂ ਵਾਲੇ ਬਣਾ ਦਿੱਤਾ ਹੈ।
ਅਸੀਂ ਨਿਘਰਿਆਂ ਨੂੰ ਘਰ ਤੇ ਬੇ ਜ਼ਮੀਨਿਆਂ ਨੂੰ ਜ਼ਮੀਨ ਦਿੱਤੀ ਹੈ
ਰਿਕਸ਼ਾ–ਚਾਲਕਾਂ ਨੂੰ ਅਸੀਂ ਰਿਕਸ਼ਾ–ਮਾਲਕ ਹੀ ਬਣਾ ਦਿੱਤਾ ਹੈ।
ਮੇਰੇ ਵਤਨ ਮੈਂ ਕਹਾਂਗਾ ਕਿ
ਅਸੀਂ ਅਧਿਆਪਕ ਨੂੰ ਨੇਸ਼ਨ–ਬਿਲਡਰ ਸਮਝਦੇ ਹਾਂ
ਤਦੇ ਹੀ ਹਰ ਦੇਸ਼–ਵਾਸੀ ਉਸ ਨੂੰ ਬਣਦਾ–ਜੁੜਦਾ ਸਨਮਾਨ ਦੇਂਦਾ ਹੈ
ਤੇ ਅਧਿਆਪਕ ਵੀ ਬੱਸ ਜਿਧਰ ਜਾਂਦਾ ਹੈ
ਚਾਨਣ ਹੀ ਕਰਦਾ ਜਾਂਦਾ ਹੈ
ਉਹ ਬੱਚਿਆਂ ਨੂੰ ਕੋਈ ਗਿਆਨ ਦਿੰਦਾ ਹੈ?
ਬੱਸ ਪੁੱਛੋਂ ਹੀ ਨਾ ਕਿੰਨਾਂ ਗਿਆਨ ਦਿੰਦਾ ਹੈ!
ਮੈਂ ਇਹ ਵੀ ਜ਼ਰੂਰ ਦੱਸਾਂਗਾ ਮੇਰੇ ਵਤਨ!
ਕਿ ਮੇਰੇ ਦੇਸ਼ ਵਿਚ ਸੜਕਾਂ ਦੇ ਨਾਂ
ਸ਼ਹੀਦਾਂ ਦੇ ਨਾਵਾਂ ’ਤੇ ਰੱਖੇ ਜਾਂਦੇ ਹਨ।
ਸ਼ਹੀਦਾਂ ਦੇ ਬੁੱਤ ਬਣਾਏ ਜਾਂਦੇ ਹਨ
ਤੇ ਉਨ੍ਹਾਂ ਦੀਆਂ ਸਮਾਧੀਆਂ ’ਤੇ ਫੁੱਲ ਚੜ੍ਹਾਏ ਜਾਂਦੇ ਹਨ।
ਸਾਡੇ ਸ਼ਹੀਦਾਂ ਅਤੇ ਦੇਸ਼ ਭਗਤਾਂ ਦੇ ਜੀਵਨ
ਸਾਡੇ ਨੇਤਾਵਾਂ ਨੂੰ ਜ਼ਬਾਨੀ ਯਾਦ ਹਨ
ਤੇ ਇਹ ਸਾਨੂੰ ਅਕਸਰ ਸੁਣਾਏ ਜਾਂਦੇ ਹਨ।

ਮੇਰੇ ਵਤਨ! ਮੈਂ ਦੱਸਾਂਗਾ
ਕਿ ਅਸੀਂ ‘ਬਾਬੀ’ ਵੇਖਣ ਪਿੱਛੋਂ ਵੀ
ਸ਼ਰਧਾ ਨਾਲ ਸਿਨਮਾ ਘਰ ਵਿਚ ਸਾਵਧਾਨ ਖੜ ਕੇ
ਜਨ–ਗਨ–ਮਨ ਪੜ੍ਹਦੇ ਹਾਂ।
ਅਸੀਂ ਅਨਪੜ੍ਹਤਾ ਨੂੰ ਸਰਹੱਦਾਂ ਤੋਂ ਬਾਹਰ ਕਢਕੇ ਹੀ ਦਮ ਲੈਣਾ ਹੈ
ਅਸੀਂ ਅੱਜ ਕਲ ਗਰੀਬੀ ਵਿਰੁਧ
ਤਨੋ ਮਨੋ ਹੀ ਨਹੀਂ ਧਨੋ ਵੀ ਲੜਦੇ ਹਾਂ

ਮੇਰੇ ਵਤਨ–
ਮੈਂ ਤੇਰਾ ਪੁਤਰ ਹਾਂ
ਤੇਰੀ ਇੱਜ਼ਤ ਮੇਰੀ ਹੈ ਤੇ ਮੇਰੀ ਇਜ਼ਤ ਤੇਰੀ
ਮੈਂ ਤੇਰੀ ਇਜ਼ਤ ਬਚਾਵਾਂਗਾ–ਤੂੰ ਫ਼ਿਕਰ ਨਾ ਕਰੀਂ!
ਮੈਂ ਤੇਰਾ ਲੂਣ ਖਾਧਾ ਹੈ ਤੇਰਾ ਮਿੱਠਾ ਵੀ
ਮੈਂ ਤੇਰੇ ਨਾਲ ਵਫ਼ਾ ਨਿਭਾਵਾਂਗਾ–ਤੂੰ ਫ਼ਿਕਰ ਨਾ ਕਰੀਂ!

ਕਲ੍ਹ ਸੁਬ੍ਹਾ ਮੈਂ ਤੇਰੀ ਮਾਂ ਵਰਗੀ
ਨਿੱਘੀ ਧਰਤ ਤੋਂ ਦੂਰ ਚਲੇ ਜਾਣਾ ਹੈ
ਤੇ ਪਤਾ ਨਹੀਂ ਪਰਤ ਕੇ ਆਣਾ ਵੀ ਹੈ ਜਾਂ ਨਹੀਂ ਆਣਾ ਹੈ!
ਪਰ ਕੀ ਕਰਾਂ ਕਿੰਨੇ ਵਰ੍ਹਿਆਂ ਤੋਂ ਤੇਰੀ ਗੋਦ ਵਿਚ
ਕਰਨ ਲਈ ਕੋਈ ਕੰਮ ਨਹੀਂ ਮਿਲਿਆ
ਤੇ ਜੁ ਮਿਲਿਆ ਉਸ ਲਈ ਮੇਰਾ ਹੀ
ਚੰਦਰਾ ਮਨ ਨਹੀਂ ਮੰਨਿਆ।
ਹਾਂ-ਕਲ ਮੈਂ ਤੇਰੀ ਗੋਦ ਨੂੰ ਛੱਡ ਕੇ ਜਾਵਾਂਗਾ-ਤੇ ਜ਼ਰੂਰ ਜਾਵਾਂਗਾ।
ਉਥੇ ਖਟਾਂਗਾ ਕਮਾਵਾਂਗਾ, ਖਾਵਾਂਗਾ, ਬਚਾਵਾਂਗਾ
ਤੇ ਤੇਰੀ ਧਰਤ 'ਤੇ ਵਸਦੇ ਆਪਣੇ ਬੱਚਿਆਂ ਨੂੰ ਪਹੁੰਚਾਵਾਂਗਾ।
ਫਿਰ ਜ਼ਿੰਦਾ ਰਿਹਾ ਤਾਂ ਬੁੱਢੇ ਵਾਰੇ
ਜਾਂ ਉਸ ਤੋਂ ਕੁੱਝ ਚਿਰ ਪਹਿਲਾਂ ਪਰਤ ਆਵਾਂਗਾ।

ਪਰ ਮੈਂ ਵਾਹਦਾ ਕਰਦਾ ਹਾਂ ਮੇਰੇ ਵਤਨ
ਮੈਂ ਜਿੰਨੀ ਦੇਰ ਵੀ ਉਥੇ ਰਹਾਂਗਾ
ਤੈਨੂੰ ਬਹੁਤ ਯਾਦ ਕਰਾਂਗਾ।
ਤੇ ਤੇਰੇ ਦਮ 'ਚ ਦਮ ਭਰਾਂਗਾ-ਤੂੰ ਫ਼ਿਕਰ ਨਾ ਕਰੀਂ!
ਮੈਂ ਤੇਰੀ ਲੁਕੋਣ ਵਾਲੀ ਹਰ ਗਲ ਨੂੰ ਲੋਕੋਵਾਂਗਾ
ਤੇ ਉਛਾਲਣ ਵਾਲੀ ਨੂੰ ਉਛਾਲਾਂਗਾ
ਤੇ ਤੇਰੀ ਭਰਵੀਂ ਪ੍ਰਸ਼ੰਸਾ ਕਰਾਂਗਾ-ਤੂੰ ਫ਼ਿਕਰ ਨਾ ਕਰੀਂ!

♣

## • ਇਲਾਜ!

ਤੁਸੀਂ ਬੀਮਾਰ ਹੋ?
ਠਹਿਰੋ!
ਮੇਰੇ ਇਸ ਥੈਲੇ ਵਿਚ
ਤੁਹਾਡੀਆਂ ਬੀਮਾਰੀਆਂ ਦੇ ਸਾਰੇ ਇਲਾਜ ਬੰਦ ਹਨ।
ਬੱਸ ਲੋੜ ਜ਼ਰਾ ਕੁ ਸਬਰ ਕਰਨ ਦੀ ਹੈ
ਥੋੜਾ ਜਿਹਾ ਧੀਰ ਧਰਨ ਦੀ ਹੈ!
ਮੈਂ ਇਕ ਇਕ ਕਰਕੇ ਸਾਰੇ ਮਰੀਜ਼ਾਂ ਨੂੰ ਭੁਗਤਾ ਦਿਆਂਗਾ।
ਤੇ ਤੁਹਾਨੂੰ ਸਭਨਾਂ ਨੂੰ ਕੰਗਣ ਵਰਗੇ ਬਣਾ ਦਿਆਂਗਾ।
ਪਰ ਮੇਰੇ ਤੇ ਯਕੀਨ ਕਰ ਲੈਣਾ
ਕਿਉਂ ਕਿ ਯਕੀਨ ਬਿਨਾਂ ਬਾਤ ਨਹੀਂ ਬਣਦੀ- ਮੇਰੇ ਮਰੀਜ਼!

ਹਾਂ! ਤਾਂ ਤੁਸੀਂ ਨੇਤਾ ਹੋ?
ਤੁਹਾਨੂੰ ਸ਼ਿਕਾਇਤ ਹੈ
ਕਿ ਲੋਕਾਂ ਦੇ ਮੋਢਿਆਂ ’ਤੇ ਸਿਰ ਉੱਗ ਆਏ ਹਨ।
ਤੁਸੀਂ ਇਨਸਾਫ਼-ਪਸੰਦੀ ਦਾ ਚੋਗਾ ਪਾ ਕੇ
ਉਹਨਾਂ ਦੇ ਗਲ ਵੀ ਕੱਟਣਾ ਚਾਹੁੰਦੇ ਹੋ
ਤੇ ਲੋਕ ਰਾਇ ਦੇ ਉਲਟ ਹੋਣ ਤੋਂ ਵੀ ਬਚਣਾ ਚਾਹੁੰਦੇ ਹੋ।
ਤੇ ਨਾਲੇ ਸੱਚ ਤੁਹਾਨੂੰ ਸ਼ਕਾਇਤ ਹੈ
ਕਿ ਵੋਟਾਂ ਵਾਲੀ ਸੰਦੂਕੜੀ ਕਦੇ ਕਦੇ ਕੁਫ਼ਰ ਤੋਲ ਜਾਂਦੀ ਹੈ
ਜਿਸ ਨਾਲ ਤੁਹਾਡੀ ਪਿੱਠ ਥੱਲਿਓਂ ਕੁਰਸੀ ਡੋਲ ਜਾਂਦੀ ਹੈ।
ਬੱਸ ਇਤਨੀ ਹੀ ਗੱਲ ਹੈ ਨਾ?
ਤਾਂ ਆਪਣਾ ਇਲਾਜ ਦੋ ਮਿੰਟ ’ਚ ਲਵੋ।
ਡਰੋ ਨਾ! ਮੈਂ ਤੁਹਾਡਾ ਅਪਰੇਸ਼ਨ ਨਹੀਂ ਕਰਾਂਗਾ!!
ਮੈਂ ਤੁਹਾਨੂੰ ਇਕ ਔਜ਼ਾਰ ਦੇਂਦਾ ਹਾਂ-ਪਬਲੀਸਿਟੀ ਦਾ ਔਜ਼ਾਰ!
ਤੁਸੀਂ ਇਸ ਨਾਲ ਖ਼ੂਬ ਘੱਟਾ ਉਡਾਓ
ਤੇ ਸਾਹਮਣੀ ਬੈਠੀ ਇਸ ਜਨਤਾ ਦੀਆਂ ਅੱਖਾਂ ’ਚ ਪਾਓ।
ਇਹ ਜਨਤਾ ਧਰਮ ਨਾਲ ਬਹੁਤ ਬੁਧੂ ਹੈ।
ਇਸ ਨੂੰ ਬੇਵਕੂਫ਼ ਬਨਾਉਣਾ? ਖੱਬੇ ਹੱਥ ਦਾ ਖੇਲ ਹੈ!
ਇਹ ਰੋਂਦੀ ਹੈ
ਸ਼ਿਕਵੇ ਸ਼ਿਕਾਇਤਾਂ ਵੀ ਕਰਦੀ ਹੈ

ਇਹ ਕੋਈ ਇਸਦੀ ਅੱਜ ਦੀ ਗੱਲ ਨਹੀਂ
ਇਹ ਤਾਂ ਇਸ ਤਰ੍ਹਾਂ ਕਰਦੀ ਆਈ ਹੈ-ਤੇ ਕਰਦੀ ਰਹੇਗੀ!
ਨੇਤਾ-ਇਸਦੀ ਖੋਪਰੀ 'ਤੇ ਛਿੱਤਰ ਧਰਦੇ ਰਹੇ ਹਨ।
ਪਰ ਇਹ ਉਹਨਾਂ ਦੇ ਲਾਰੇ ਲੱਪਿਆਂ ਤੇ ਇਤਬਾਰ ਕਰਦੀ ਰਹਿੰਦੀ ਹੈ
ਤੇ ਉਹਨਾਂ ਦੀਆਂ ਸੰਦੂਕੜੀਆਂ ਭਰਦੀ ਰਹਿੰਦੀ ਹੈ।

ਤੇ ਐਧਰ ਕੋਨੇ 'ਚ ਸੁੰਗੜ ਕੇ ਬੈਠਿਓ ਮਾਯੂਸ ਔਰਤੋ!
ਮੈਂ ਤੁਹਾਡੇ ਪਿੰਡਿਆਂ ਉਪਰਲੀਆਂ ਲਾਸਾਂ ਨੂੰ
ਸਟੇਜ 'ਤੇ ਖੜਾ ਵੀ ਗਿਣ ਸਕਦਾ ਹਾਂ
ਇਨ੍ਹਾਂ ਤੇ ਪਤੀ ਦੇ ਸਿਤਮ ਤੋਂ ਲੈ ਕੇ ਪੁੱਤਰ ਦੀਆਂ ਝਿੜਕਾਂ ਤੱਕ
ਤੇ ਅਫ਼ਸਰ ਦੀ ਘੂਰ ਘੱਪ ਤੋਂ ਲੈ ਕੇ
ਦਫ਼ਤਰ ਦੇ ਚਪੜਾਸੀ ਦੀਆਂ ਘਟੀਆਂ ਟਿਚਕਰਾਂ ਤੱਕ ਦੀ ਕਹਾਣੀ ਅੰਕਿਤ ਹੈ।
ਤੁਹਾਡੇ ਲਈ ਮੇਰੇ ਇਸ ਥੈਲੇ ਵਿਚ ਇਕ ਆਯੁਰਵੈਦੀ ਚੂਰਨ ਹੈ।
ਜ਼ਰਾ ਆਪਣੀਆਂ ਤਲੀਆਂ ਕਰੋ!
ਬਸ ਖਾਣ ਦੀ ਦੇਰ ਹੈ
ਦੋ ਦੋ ਨਿੱਛਾਂ ਤੇ ਮਗਰੋਂ ਤੁਸੀਂ ਝਾਂਸੀ ਦੀਆਂ ਰਾਣੀਆਂ ਹੋਵੋਗੀਆਂ।
ਫੇਰ ਤੁਹਾਨੂੰ ਗੱਲ ਫੁਰੇਗੀ ਅੰਤਰ-ਰਾਸ਼ਟਰੀ ਇਸਤ੍ਰੀ ਵਰ੍ਹਾ ਮਨਾਣ ਦੀ
ਤੇ ਤੁਹਾਡੀ ਜ਼ਬਾਨ ਬਟਾਲੇ ਦੇ ਟੋਕੇ ਵਾਂਗ ਚਲੇਗੀ।
ਜਿਸ ਵਿਚ ਮਰਦਾਂ ਦੇ ਸਾਰੇ ਸਿਤਮ ਇਕ ਇਕ ਕਰਕੇ ਕੁਤਰੇ ਜਾਣਗੇ॥

ਹਾਂ! ਤਾਂ ਤੁਸੀਂ ਪ੍ਰੋਫੈਸਰ ਫ਼ਿਲਾਸਫਰ ਤੇ ਅਧਿਆਪਕ ਹਹੋ
ਮੇਰਾ ਮਤਲਬ ਬੁਧੀ ਜੀਵੀ ਹੋ!
ਜੋ ਕਾਫ਼ੀ ਘਰਾਂ ਵਿਚ ਬੈਠ ਕੇ ਸਿਧਾਂਤ ਘੜਦੇ ਹੋ
ਗੋਸ਼ਟੀਆਂ ਵਿਚ ਚੁੰਝ ਚਰਚਾ ਚਰਦੇ ਹੋ
ਤੇ ਭਾੜੇ ਤੇ ਪੇਪਰ ਲਿਖ ਕੇ ਸੈਮੀਨਾਰਾਂ 'ਚ ਪੜਦੇ ਹੋ।
ਤੁਹਾਨੂੰ ਵੀ ਨੀਂਦ ਨਹੀਂ ਆਉਂਦੀ।
ਖ਼ੈਰ! ਬੀਮਾਰ ਕੌਣ ਨਹੀਂ ਹੁੰਦਾ?
ਪਰ ਤੁਹਾਡਾ ਤਾਂ ਅਪਰੇਸ਼ਨ ਕਰਨਾ ਪਏਗਾ।
ਤੁਹਾਡਾ ਤਾਂ ਧੜ ਤੋਂ ਉਪਰਲਾ ਸਾਰਾ ਹਿੱਸਾਂ ਹੀ ਖਰਾਬ ਹੈ
ਬਸ ਜਾਪਦਾ ਹੈ ਤੁਸਾਂ ਹੁਣ ਤਕ ਮੁਫ਼ਤ ਦੀ ਹੀ ਤਨਖਾਹ ਲਈ ਹੈ।
ਪਰ ਅਪ੍ਰੇਸ਼ਨ ਤੋਂ ਮਗਰੋਂ
ਤੁਹਾਡੇ ਮੋਢਿਆਂ ਤੇ ਵੀ ਤੁਹਾਡਾ ਆਪਣਾ ਸਿਰ ਹੋਏਗਾ!

ਬੱਚਿਓ! ਤੁਸੀਂ ਵੀ ਬੀਮਾਰ ਹੋ?
ਵੈਸੇ ਮੈਂ ਬੱਚਿਆਂ ਦਾ ਇਲਾਜ ਤਾਂ ਨਹੀਂ ਕਰਦਾ
ਪਰ ਮੇਰਾ ਸ਼ਹਿਰ ਜੁ ਮੋਗਾ ਹੈ।
ਜੋ ਬੱਚਿਆਂ ਦੇ ਮਸ਼ਹੂਰ ਵੈਦਾਂ ਦਾ ਘਰ ਹੈ।
ਮੈਂ ਤੁਹਾਨੂੰ ਵੀ ਨਿਰਾਸ਼ ਨਹੀਂ ਜਾਣ ਦੇਵਾਂਗਾ।
ਪਰ ਤੁਹਾਡਾ ਕੇਸ ਬਹੁਤ ਸੀਰੀਅਸ ਹੈ!

ਤੁਹਾਡੇ ਕਮਜ਼ੋਰ ਤੇ ਮਾਸੂਮ ਫੇਫੜਿਆਂ ਨੂੰ
ਭੁੱਖ ਦੀ ਸਿਉਂਕ ਨੇ ਛਾਨਣੀ ਕੀਤਾ ਹੈ
ਤੇ ਤੁਹਾਡੇ ਖ਼ੂਨ ਦਾ ਆਖਰੀ ਕਤਰਾ ਤੱਕ ਪੀ ਲੀਤਾ ਹੈ
ਵੈਸੇ ਤੁਹਾਨੂੰ ਜੰਮਣਾ ਨਹੀਂ ਸੀ ਚਾਹੀਦਾ।
ਖ਼ੈਰ ਜੇ ਜੰਮ ਹੀ ਪਏ ਹੋ ਤਾਂ ਜੀਓ!
ਜਿੰਨੇ ਪਲ ਜੀ ਸਕਦੇ ਹੋ ਜ਼ਰੂਰ ਜੀਓ!!
ਕਿਉਂ ਕਿ ਜ਼ਿੰਦਗੀ ਇਕ ਸੰਗਰਾਮ ਹੈ ਜੁ ਤੁਹਾਨੂੰ ਲੜਨਾ ਹੀ ਪਏਗਾ।
ਖ਼ੈਰ-ਮੈਂ ਬੀਮਾਰੀ ਲੱਭ ਲਈ ਹੈ
ਮੈਂ ਤੁਹਾਡੇ ਵਰਗੇ ਹੋਰ ਬੇਗੁਨਾਹ ਮਰਨ ਤਾਂ ਕੀ ਜੰਮਣ ਵੀ ਨਹੀਂ ਦੇਵਾਂਗਾ।
ਮੈਂ ਤੁਹਾਡੇ ਜਣਨਹਾਰਿਆਂ ਦੇ ਨਸਬੰਦੀ ਅਪਰੇਸ਼ਨ ਕਰਾਂਗਾ
ਮੈਂ ਮੂਰਖ ਨੂੰ ਨਹੀਂ ਮੂਰਖ ਦੀ ਮਾਂ ਨੂੰ ਮਾਰਾਂਗਾ!
ਮੈਂ ਫੈਮਿਲੀ ਪਲਾਨਿੰਗ ਕਰਾਂਗਾ!! ਫੈਮਿਲੀ ਪਲਾਨਿੰਗ ਕਰਾਂਗਾ!!!

♣

# ਮੇਰਾ ਪਿੰਡ

**(ਆਪਣੇ ਪਿੰਡ ਦੇ ਲੋਕਾਂ ਦੇ ਨਾਂ...)**

ਮੇਰੇ ਪਿੰਡ-
ਮੈਂ ਜਲਾਵਤਨ
ਤੈਨੂੰ ਸਲਾਮ ਭੇਜਦਾ ਹਾਂ-ਕਬੂਲ ਕਰੀਂ!
ਅੱਥਰੂਆਂ ਵਿਚ ਭਿੱਜਿਆ ਇਕ ਪੈਗਾਮ ਭੇਜਦਾ ਹਾਂ-ਵਸੂਲ ਕਰੀਂ!!
ਉਂਞ ਸ਼ਾਇਦ ਤੇਰੇ ਲੋਕ ਮੇਰੇ ਤੇ ਦੂਸ਼ਨ ਲਾਉਂਦੇ ਹੋਣਗੇ।
ਜਦੋਂ ਕਦੇ ਭੁੱਲੇ ਵਿਸਰੇ ਮੇਰੀ ਬਾਤ ਪਾਉਂਦੇ ਹੋਣਗੇ।
ਕਿ ਮੈਂ ਤੈਨੂੰ ਉੱਕਾ ਹੀ ਵਿਸਾਰ ਦਿਤਾ ਹੈ
ਤੇ ਨਿਰਮੋਹੇ ਨੇ ਤੇਰੇ ਮੋਹ ਨੂੰ ਮੂਲੋਂ ਹੀ ਮਾਰ ਦਿੱਤਾ ਹੈ
ਉਹ ਇਹ ਵੀ ਕਹਿੰਦੇ ਹੋਣਗੇ ਕਿ ਬਚਪਨ ਤੋਂ ਪਿੱਛੋਂ
ਮੇਰਾ ਲਹੂ ਚਿੱਟਾ ਹੋ ਚੁੱਕਾ ਹੈ
ਤੇ ਮੇਰੇ ਵਿਚਲੀ ਤੇਰੀ ਮੁਹੱਬਤ ਦਾ ਰੰਗ ਫਿੱਕਾ ਹੋ ਚੁੱਕਾ ਹੈ।
ਮੈਨੂੰ ਪਤਾ ਹੈ ਮੇਰੇ ਬਜ਼ੁਰਗਵਾਰ!
ਤੇਰਿਆਂ ਖੁੰਢਾਂ ਤੇ ਕਦੇ ਨਾ ਕਦੇ
ਜ਼ਰੂਰ ਮੇਰੀ ਬਾਤ ਟੁਰਦੀ ਹੋਏਗੀ
ਜਿਸ 'ਚ ਮੇਰਾ ਵਜੂਦ ਟੁਟਦਾ ਹੋਏਗਾ
ਜਿਸ 'ਚ ਮੇਰੀ ਹੋਂਦ ਭਰਦੀ ਹੋਏਗੀ
ਇਹ ਵੀ ਹੁੰਦਾ ਹੋਏਗਾ ਕਦੇ ਕਦੇ
ਕਿ ਕੋਈ ਬਜ਼ੁਰਗ ਚੌਂਕੜੀ ਮੇਰੀ ਗੈਰ-ਹਾਜ਼ਰੀ 'ਚ ਮੇਰਾ ਪੱਖ ਪੂਰੇ।
ਮੇਰੀ ਸਿਰਾਫ਼ਤ ਦੀ ਲਿਆਕਤ ਦੀ ਤੇ ਨੇਕਨਾਮੀ ਦੀ ਚਰਚਾ ਛੇੜੇ
ਤੋਂ ਮੇਰੇ ਵੱਡਾ ਸਾਹਿਬ ਬਨਣ ਮਗਰੋਂ
ਛੇਤੀ ਪਿੰਡ ਗੇੜਾ ਨਾ ਮਾਰਨ ਤੇ ਵੱਖ ਝੂਰੇ।
ਪਰ ਮੇਰੇ ਬੁੱਢੇ ਬਾਬਿਆਂ ਦੇ ਕਾਂਬੇ ਨਾਲ ਥੱਰਰਾਂਦੇ ਬੁਲ੍ਹਾਂ ਚੋਂ
ਇਕ ਸ਼ਿਕਵਾ ਜ਼ਰੂਰ ਝਰਦਾ ਹੋਏਗਾ
ਕਿ ਆਖਰ ਏਡੀ ਗੱਲ ਹੀ ਕਿਹੜੀ ਹੈ
ਕਿ ਮੈਂ ਵਰ੍ਹੇ-ਛਿਮਾਹੀ ਪਿੱਛੋਂ ਹੀ ਪਿੰਡ ਪਰਤਦਾ ਹਾਂ।
ਮੈਂ ਆਖਰ ਕਿਉਂ ਏਨਾ ਨਿਰਮੋਹਾ ਹੋ ਗਿਆ ਹਾਂ
ਤੇ ਆਪਣੇ ਪਿੰਡ ਦੇ ਮੋਹ-ਮੱਤੇ ਲੋਕਾਂ ਨਾਲ
ਏਨਾ ਘੱਟ ਕਿਉਂ ਵਰਤਦਾ ਹਾਂ!

ਮੇਰੇ ਪਿੰਡ-
ਮੈਂ ਸਭ ਜਾਣਦਾ ਹਾਂ
ਤੇ ਤਦੇ ਹੀ ਮੈਂ ਤੈਨੂੰ ਮੇਰੇ ਪਿਆਰ-ਇਕ ਸਲਾਮ ਭੇਜਦਾ ਹਾਂ!
ਅੱਥਰੂਆਂ ਵਿਚ ਭਿਜਿਆ ਇਕ ਪੈਗ਼ਾਮ ਭੇਜਦਾ ਹਾਂ!!
ਤੇ ਮੈਂ ਤੇਰੀ ਬਚਪਨ ਵਿਚ ਖਾਧੀ
ਮਿੱਟੀ ਦੀ ਸਹੁੰ ਖਾ ਕੇ ਕਹਿੰਦਾ ਹਾਂ-ਮੇਰੇ ਪਿੰਡ!
ਮੈਂ ਤੈਨੂੰ ਬੜਾ ਹੀ ਯਾਦ ਕਰਦਾ ਹਾਂ

ਤੇ ਤੇਰੇ ਵਿਚ ਬੀਤੇ ਆਪਣੇ ਬਚਪਨ ਨੂੰ ਤੱਕ ਕੇ
ਅੱਖੀਆਂ ਥਾਣੀਂ ਕਿਸੇ ਘਟਾ ਵਾਂਗ ਵਰ੍ਹਦਾ ਹਾਂ।
ਤੇ ਸੁਣੀਂ!
ਹੁਣ ਵੀ ਸ਼ਾਮੀਂ ਚਿਰੋਕੇ ਕੈਫ਼ੇ ਚੋਂ ਪਰਤਦਿਆਂ
ਮੇਰੇ ਢਿੱਡ 'ਚ ਵੱਜਦੀ ਹੈ
ਮਾਈ ਆਸੋ ਦੀ ਭੱਠੀ ਦੀ ਕੜਾਹੀ ਵਿਚ ਫਿਰਦੀ ਦਾਤੀ
ਤੇ ਹੁਣ ਵੀ ਮੈਂ ਉਸਦੀ ਕੜਾਹੀ ਚੋਂ ਬਾਹਰ ਡਿੱਗਦੀਆਂ
ਖਿੱਲਾਂ ਵੱਲ ਨੀਝ ਲਾ ਕੇ ਬਹਿੰਦਾ ਹਾਂ।
ਹੁਣ ਵੀ ਅੱਥਰਾ ਮਨ ਕਦੇ ਕਦੇ
ਦੂਰ ਦਰਸ਼ਨ ਦੀ ਮਹਿਫ਼ਲ ਚੋਂ ਭੱਜ ਟੁਰਦਾ ਹੈ
ਤੇ ਮੈਂ ਤੇਰੀ ਭਖਦੀ ਸੱਥ ਦੇ
ਕਿਸੇ ਨਰੋਏ ਖੁੰਢ ਤੇ ਜਾ ਬਹਿੰਦਾ ਹਾਂ।
ਉਥੇ ਜਦੋਂ ਗੁਰਦਿਆਲੇ ਅਮਲੀ ਦੀ ਝੂਠੀ ਗੱਲ 'ਤੇ
ਬਾਬਾ ਖੇਮਾ ਉਸ ਨਾਲ ਖਹਿਬੜਦਾ ਹੈ
ਤਾਂ ਮੈਂ ਖੇਸੀ ਵਿਚ ਮੂੰਹ ਪਾ ਕੇ ਬਹੁਤ ਹਸਦਾ ਹਾਂ।
ਕਦੇ ਕਦੇ ਮੈਂ ਆਪਣੇ ਕਿਸੇ ਆੜੀ ਨੂੰ
ਬਾਬੇ ਕਪੂਰੇ ਦੀ ਇਕ ਬੰਨਿਓ ਧਾਗੇ ਨਾਲ ਬੰਨ੍ਹੀ
ਐਨਕ ਵੱਲ ਵੇਖ ਕੇ ਅੱਖ ਮਾਰਦਾ ਹਾਂ
ਤਾਂ ਫੜਿਆ ਜਾਂਦਾ ਹਾਂ
ਤੇ ਉਸਦੇ ਛਿੱਤਰ ਲਾਹੁਣ ਤੇ ਉਵੇਂ ਦਾ ਉਵੇਂ ਨਸਦਾ ਹਾਂ।

ਮੇਰੇ ਪਿੰਡ–
ਇਸ ਸੱਥ ਵਿਚ ਚੌਂਕੜੀਆਂ ਚੁੰਝ ਚਰਚਾ ਕਰਦੀਆਂ ਹਨ
ਤੇ ਖੁੰਢ ਆਪਸ ਵਿਚ ਭਿੜਦੇ ਹਨ
ਇਥੇ ਪਿੰਡ ਦੀ ਕਿਸੇ ਚਿਰੋਕਣੀ ਨਿਕਲੀ ਕੁੜੀ
ਦੇ ਖੁਰੇ ਖੋਜੇ ਜਾਂਦੇ ਹਨ
ਤੇ ਵੱਡੀ ਜੰਗ ਵਿਚ ਕਿਸੇ ਦੇ
ਮਰਨ ਦੇ ਚਰਚੇ ਛਿੜਦੇ ਹਨ।
ਏਥੇ ਗੁਰਨਾ ਕੱਢਦੇ ਮਿਹਨਤੀ ਬਜ਼ੁਰਗਾਂ
ਦੀਆਂ ਸਫੈਦ ਦਾਹੜੀਆਂ ਅਤੇ ਦੰਦਾਂ ਤੋਂ ਸੱਖਣੇ ਬੁੱਟ
ਵੀ ਵਿਅੰਗ ਕਸਦੇ ਹਨ।
ਏਥੇ ਕਿਸੇ ਨਿਹੰਗ ਦੇ ਸ਼ਾਮੀਂ 'ਰਹੁਰਾਸ' ਪੜ੍ਹਨ ਨੂੰ
ਜੱਟ ਕਜ਼ੀਆ ਸਹੇੜਨਾ ਹੀ ਦਸਦੇ ਹਨ।

ਮੇਰੇ ਪਿੰਡ–
ਮੇਰਾ ਦਾਹੜੀ ਵਾਲੇ ਬੁੱਢੇ ਬੋਹੜ ਨੂੰ ਮਿਲਣ ਨੂੰ
ਸੱਚੀ ਬੜਾ ਹੀ ਚਿੱਤ ਕਰਦਾ ਹੈ
ਜਿਥੇ ਸਾਉਣ 'ਚ ਲੱਗੀਆਂ ਤੀਆਂ
ਇੰਦਰ ਦੇ ਅਖਾੜੇ ਨੂੰ ਵੀ ਮਾਤ ਕਰਦੀਆਂ ਹਨ।

ਜਿੱਥੇ ਗਿੱਧੇ 'ਚ ਨੱਚਦੀਆਂ ਕੁੜੀਆਂ ਦੇ ਵਾਲ
ਖੁਲ੍ਹ ਖੁਲ੍ਹ ਜਾਂਦੇ ਹਨ
ਤੇ ਦੰਦਾਸੇ ਵਾਲੇ ਬੁਲ੍ਹਾਂ ਚੋਂ ਬੋਲੀਆਂ
ਮੀਂਹ ਵਾਂਗ ਵਰਦੀਆਂ ਹਨ।
ਇਥੇ ਮੁਟਿਆਰਾਂ ਦੀਆਂ ਅੱਡੀਆਂ ਦੀ ਧਮਕ ਨਾਲ
ਲਾਗਲੇ ਛਪੜ ਦੇ ਪਾਣੀ ਵੀ ਬੋਲ ਉਠਦੇ ਹਨ
ਤੇ ਉਡਦੀਆਂ ਰੰਗੀਨ ਚੁੰਨੀਆਂ
ਅੰਬਰ ਤੀਕ ਜਾ ਚੜ੍ਹਦੀਆਂ ਹਨ।
ਏਥੇ ਕੁੜੀਆਂ ਆਸਾਂ ਦੀਆਂ
ਲੰਮੀਆਂ ਪੀਂਘਾਂ ਪਾਉਂਦੀਆਂ ਹਨ
ਤੇ ਉਨ੍ਹਾਂ ਤੇ ਉੱਡ ਕੇ
ਸੁਪਨਿਆਂ ਦੇ ਤਾਰੇ ਫੜਦੀਆਂ ਹਨ।

ਮੇਰੇ ਪਿੰਡ–
ਮੈਨੂੰ ਯਾਦ ਆਉਂਦੀ ਹੈ
ਤੇਰੇ ਉਹਨਾਂ ਬਾਬਿਆਂ ਵਰਗੇ ਬੋਹੜਾਂ
ਪਿਉਆਂ ਵਰਗੇ ਪਿੱਪਲਾਂ
ਕੌੜੀਆਂ ਨਿੰਮਾਂ ਤੇ ਉਨ੍ਹਾਂ ਦੀਆਂ
ਮਾਵਾ ਵਰਗੀਆਂ ਮਿੱਠੀਆਂ ਛਾਵਾਂ ਦੀ।
ਤੇਰੇ ਸਾਵੇ ਤੂਤਾਂ ਦੀ, ਲੰਮੀਆਂ ਟਾਹਲੀਆਂ
ਲਿਫੀਆਂ ਬਥੇਰੀਆਂ ਤੇ ਸ਼ੂਕਦੇ ਫਰਮਾਵ੍ਹਾਂ ਦੀ।
ਤੇਰੇ ਕੰਧਾਂ ਵਰਗੇ ਕਮਾਦਾਂ, ਦਹਿੰਦੀਆਂ ਕਣਕਾਂ
ਤੇ ਖਿੜ ਖਿੜ ਹਸਦੀਆਂ ਕਪਾਹਾਂ ਦੀ।

ਮੇਰੇ ਪਿੰਡ–
ਤੇਰੀਆਂ ਘੁੱਗੀਆਂ ਮੋਰਨੀਆਂ ਤੇ ਸ਼ੀਸ਼ੇ ਜੜੀਆਂ
ਕੰਧੋਲੀਆਂ ਨੂੰ ਲੋਹੜੇ ਦਾ ਰੂਪ ਚੜ੍ਹਦਾ ਹੈ
ਜਦੋਂ ਧੁਆਂਖਿਆਂ ਹਾਰਿਆਂ ਚੋਂ ਉਠਿਆ
ਚਾਂਦੀ ਰੰਗਾ ਦੂਧੀਆ ਧੂਆਂ
ਕੱਚਿਆਂ ਬਨੇਰਿਆਂ ਤੋਂ ਉਪਰ ਅਸਮਾਨ ਵਿਚ ਚੜ੍ਹਦਾ ਹੈ।

ਮੇਰੇ ਪਿੰਡ–
ਮੈਂ ਜ਼ਿੰਦਗੀ ਭਰ ਨਹੀਂ ਭੁਲ ਸਕਾਂਗਾ
ਜਿਵੇਂ ਅਸੀਂ ਮੱਸਿਆ ਦੀ ਰਾਤ ਬਾਬੇ ਘੁਮੰਡੀ ਤੋਂ
ਪਤਾਸਿਆਂ ਦੇ ਖੀਸੇ ਭਰ ਕੇ ਮੁੜਦੇ ਸਾਂ।
ਕਰੀਰਾਂ ਵਾਲੇ ਤਕੀਏ ਤੇ ਸੁੱਖਣਾ ਲਾਹੁੰਦੇ ਸਾਂ
ਤੇ ਡੂੰਘੀਆਂ ਸ਼ਾਮਾਂ ਨੂੰ ਘਿਉ ਦੇ ਚਰਾਗ਼
ਕਰਕੇ ਮੁੜਦਾ ਸਾਂ।
ਨਾਲੇ ਸੱਚ! ਸੰਗਤ 'ਚ ਕਿੰਨਾ ਹਾਸਾ ਛਿੜਦਾ ਸੀ
ਜਦੋਂ ਗਾਂ-ਢਿੱਡਾ ਗਿਆਨੀ ਗੁਰਦੁਵਾਰੇ

ਪੱਕਾ ਰਾਗ ਗਾਉਂਦਾ ਸੀ।
ਮੈਂ ਉਸਦੇ ਇਸ ਕੌਤਕ ਨੂੰ
ਹਾਸੇ ਵਿਚ ਵੀ ਨੀਝ ਲਾ ਕੇ ਵੇਖਦਾ ਸੀ
ਅਤੇ ਰਾਤ ਨੂੰ ਟੱਬਰ ਵਿਚ ਬੈਠਕੇ
ਉਸਦੀ ਸਾਂਗ ਲਾਉਂਦਾ ਸੀ।

ਮੇਰੇ ਪਿੰਡ–
ਜਿਸ ਰੌੜ ਵਿਚ ਨਿੱਕੇ ਹੁੰਦਿਆਂ
ਖਿੱਦੋ-ਖੂੰਡੀ ਖੇਡਦੇ ਸਾਂ
ਉਥੇ ਹੁਣ ਸੁਣਿਆ ਹੈ ਸਾਬੂ ਸੁਨਿਆਰੇ ਨੇ
ਆਟਾ-ਚੱਕੀ ਲਾ ਲਈ ਹੈ
ਫਲਾਹੀਆਂ ਵਿਚਲੇ ਸਾਰੇ ਰੁੱਖ ਵਢੇ ਗਏ ਹਨ
ਤੇ ਅਰਨੀ ਵਾਲੇ ਦੀ ਸਾਰੀ ਉਜਾੜ
ਲੋਕਾਂ ਨੇ ਵਾਹ ਲਈ ਹੈ।

ਮੇਲਾ ਤਾਂ ਦਸਦੇ ਹਨ ਉਦੋਂ ਤੋਂ ਹੀ ਬੰਦ ਹੈ
ਜਦੋਂ ਰੰਜੂ ਨੂੰ ਬਿੰਦਰ ਨੇ
ਮੇਲੇ ਨਾਲ ਥਾਂਏ ਹੀ ਢੇਰੀ ਕਰ ਦਿੱਤਾ ਸੀ।
ਉਥੇ ਹੁਣ ਕਹਿੰਦੇ ਹਨ
ਨਵੀਂ ਧਰਮਸ਼ਾਲਾ ਬਣ ਗਈ ਹੈ
ਤੇ ਸਾਰਾ ਖੂਹ ਧਿਆਣੇ ਕੀ ਪੱਤੀ ਨੇ
ਰੌਆਂ ਤੋਂ ਮਗਰੋਂ ਭਰ ਦਿੱਤਾ ਸੀ।

ਮੇਰੇ ਪਿੰਡ–
ਸੁਣਿਆ ਹੈ ਰਤਨਾ ਝੋਟੀ ਹੁਣ
ਕੀਰਤਨ ਵਾਲਿਆਂ ਨਾਲ ਚਿਮਟਾ ਨਹੀਂ ਵਜਾਉਂਦਾ!
ਵਿਆਹ ਤੋਂ ਮਗਰੋਂ ਵੀ ਗਈ ਰਾਤ ਤੱਕ
ਥੜੀ ਉਤੇ ਆਪਣੀ ਮਹਿਫ਼ਲ ਲਗਾਉਂਦਾ ਹੈ।
ਹਰਨਾਮ ਫੌਜੀ ਨੇ ਪੀਣ-ਮੂੰਹ
ਅੱਧੀ ਪੈਲੀ ਫੂਕ ਦਿਤੀ ਹੈ
ਉਠ ਠੇਕੇ ਪੀਂਦਾ ਹੀ ਨਹੀਂ
ਪੱਤਾ ਵੀ ਪਾਉਂਦਾ ਹੈ।

ਜਲਾਲਾ ਤੇਲੀ ਵੀ ਵਿਚਾਰਾ ਕਹਿੰਦੇ ਮਰ ਗਿਆ ਹੈ
ਉਸਦੇ ਕਬੂਤਰ ਪਤਾ ਨਹੀਂ ਮਗਰੋਂ ਕਿਸਨੇ ਸੰਭਾਲੇ ਹੋਣਗੇ।
ਉਸਦੇ ਲੰਡੇ ਕੁੱਤੇ ਉਸਦੀ ਅਰਥੀ ਮਗਰ
ਬੰਦਿਆਂ ਤੋਂ ਵਧ ਰੋਏ ਹੋਣਗੇ
ਤੇ ਉਸਦੇ ਸ਼ਿਕਾਰੀ ਬੱਚੇ
ਪਿੱਛੋਂ ਭੂਟੇ ਨੇ ਹੀ ਪਾਲੇ ਹੋਣਗੇ।

ਬਾਬੂ ਜੋ ਕੌਡੀ ਵਿਚ ਬੰਦੇ ਨੂੰ ਟੱਪ ਜਾਂਦਾ ਸੀ

ਕਿਸੇ ਦਸਿਆ ਫੌਜ ਚੋਂ ਪੈਨਸ਼ਨ ਆ ਗਿਆ ਹੈ।
ਉਸਦਾ ਸਾਥੀ ਕਿਰਥੀ ਬ੍ਰਾਮਣ
ਜੋ ਗੁੱਟ ਫੜ ਕੇ ਅਗਲੇ ਨੂੰ ਥਾਂਏ ਨੂੜ ਲੈਂਦਾ ਸੀ
ਅੱਜ ਕੱਲ ਸ਼ਬਜ਼ੀ ਵੇਚਦਾ ਹੈ
ਤੇ ਉਸ ਨੂੰ ਰੁਜ਼ਗਾਰ ਦਾ ਫ਼ਿਕਰ ਹੀ
ਵਿਚੇ ਵਿਚ ਖਾ ਗਿਆ ਹੈ।

ਸਵੀ ਵਿਚਾਰਾ ਅੱਧੀ ਸਦੀ ਮਗਰੋਂ ਵੀ
ਅਜੇ ਉਸੇ ਤਰ੍ਹਾਂ ਜਿੱਤਵਾਲੋਂ ਡਾਕ ਢੋਂਦਾ ਹੈ
ਤੇ ਗੁਰਨਾਮ ਸੁੱਖੇ ਕਾ ਜੋ ਜੁਆਨੀ 'ਚ ਬੜਾ ਖ਼ਰੂਦੀ ਸੀ
ਹੁਣ ਅਠਿੱਕਾ ਘਰੇ ਹੀ ਅਖ਼ਬਾਰ ਪੜ੍ਹਦਾ ਹੈ।
ਤੇ ਮਲ੍ਹੇ ਬ੍ਰਾਮਣ ਦੇ ਮੱਥੇ ਲੱਗਣ ਤੋਂ
ਲੋਕ ਅਜੇ ਵੀ ਉਵੇਂ ਹੀ ਤ੍ਰਹਿੰਦੇ ਹਨ
ਤੇ ਉਹ ਗੱਲੇ ਕੱਥੇ ਲੋਕਾਂ ਨਾਲ
ਉਵੇਂ ਹੀ ਲੜਦਾ ਹੈ।

ਬਾਬਾ ਗਿਆਬਾ ਜੋ ਦੁਆਬੇ ਵਿਚ ਡਾਕੇ ਮਾਰਦਾ ਸੀ
ਤੇ ਘੋੜੀ ਨੂੰ ਡਾਹ ਨਹੀਂ ਸੀ ਦਿੰਦਾ
ਸੁਣਿਆ ਹੈ ਮਰ ਗਿਆ ਹੈ।
ਤੇ ਸ਼ਾਮ ਸਿਹੁੰ ਸਰਪੰਚ
ਜਿਸਤੋਂ ਕੰਮ ਕਰਵਾਣ ਲਈ, ਲੋਕ ਕਹਿੰਦੇ ਸਨ,
ਅਧੀਆ ਚਾਹੀਦਾ ਹੈ ਗੁਜ਼ਰ ਗਿਆ ਹੈ।

ਟਾਕਾ ਨਾਈ ਅੱਜ ਕਲ ਹਜਾਮਤਾਂ ਨਹੀਂ ਕਰਦਾ
ਪਿੰਡ ਵਿਚ ਡਾਕ ਵੰਡਦਾ ਹੈ
ਤੇ ਮਨੀ ਆਰਡਰ ਆਉਣ ਤੇ ਉਹ
ਉਸ ਘਰੋਂ ਦੁਧ ਪੀ ਕੇ ਹੀ ਨਿਕਲਦਾ ਹੈ
ਪਰ ਯਾਰ! ਸੁਣਿਆ ਸਭ੍ਰਲ ਤੇ ਮਾਵੀ ਬੇਔਲਾਦੇ
ਵਿਚਾਰੇ ਬੁਢਾਪੇ ਵਿਚ ਬਹੁਤ ਔਖੇ ਹਨ
ਤੇ ਉਨ੍ਹਾਂ ਦਾ ਗੁਜ਼ਾਰਾ ਵੀ
ਮੁਸ਼ਕਲ ਨਾਲ ਹੀ ਚਲਦਾ ਹੈ।

ਬਾਬੇ ਨਾਗਰ ਦਾ ਠਕ ਠਕਾ ਦਸਦੇ ਚੰਗਾ ਚਲਿਆ ਹੈ
ਉਹ ਉਵੇਂ  ਦਾ ਉਵੇਂ 'ਭੂਤਾਂ ਕਢਦਾ'
ਤੇ ਜੇਠੇ ਵੀਰਵਾਰ ਚੌਂਕੀ ਲਾਉਂਦਾ ਹੈ।
ਚਾਚਾ ਘਰੀਆ ਦੀਵਾਲੀ ਨੂੰ ਉਵੇਂ ਹੀ ਜੂਆ ਖੇਡਦਾ ਹੈ
ਤੇ ਲੇਖ ਬਾਲਮੀਕੀਆ ਅਨਪੜ੍ਹ ਹੋ ਕੇ ਵੀ
ਉਵੇਂ ਹੀ ਬੋਲੀਆਂ ਜੋੜਦਾ ਹੈ
ਤੇ ਜੋੜ ਕੇ ਪਿੰਡ ਦੀ ਮੁੰਡੀਰ ਨੂੰ ਸੁਣਾਉਂਦਾ ਹੈ।

ਮੇਰੇ ਪਿੰਡ-
ਮੈਨੂੰ ਅਜੇ ਵੀ ਯਾਦ ਹੈ
ਕਿ ਕਿਵੇਂ ਬਾਬੇ ਬੋਤਲੇ ਤੇ ਦਰਸ਼ਣ ਦੁਆਬੇ ਵਾਲਾ
ਧੂਵੇਂ ਚਾਦਰੇ ਵਿਚ ਅਖਾੜੇ 'ਚ
ਝੂਮ ਝੂਮ ਕੇ ਦਹੂਦ ਬਾਦਸ਼ਾਹ ਗਾਉਂਦਾ ਸੀ।
ਤੇ ਤੜਕਸਾਰ ਸਰਜਣ ਪਿੱਲਿਆਂ ਦਾ
ਜਦੋਂ ਬਲਦਾ ਮਗਰ ਮਿਰਜ਼ੇ ਦੀ ਵਾਜ਼ ਲਾਉਂਦਾ ਸੀ
ਤਾਂ ਆਲਣਿਆਂ ਵਿਚ ਸੁੱਤੇ ਪੰਛੀਆਂ ਨੂੰ ਜਗਾਉਂਦਾ ਸੀ।
ਤੇ ਉਹਨਾਂ ਨੂੰ ਵੀ ਜਾਣੀਂਦੀ ਉਸਦਾ ਮੋਹ ਆਉਂਦਾ ਸੀ।

ਮੁਨਾਖਾ ਬੇਧੜਕ ਗਿਆਨੀ ਦਸਦੇ ਹੁਣ ਕੁਝ ਢਿਲਾ ਰਹਿੰਦਾ ਹੈ
ਪਰ ਮੀਂਹ ਜਾਵੇ ਹਨੇਰੀ ਜਾਵੇ ਕਥਾ ਉਵੇਂ ਹੀ ਕਰਦਾ ਹੈ।
ਤੇ ਕਬਰਾਂ ਵਾਲੇ ਸਾਧ ਨੂੰ ਉਹ ਬੜਾ ਮਿਲ ਕੇ ਲੈਂਦਾ ਹੈ
ਤੇ ਉਸਦੀ ਮਨਮਤ ਅਤੇ ਅਖੌਤੀ ਵਿਭਚਾਰ ਤੇ
ਸਪੀਕਰ 'ਚ ਬਹੁਤ ਵਰ੍ਹਦਾ ਹੈ।
ਉਸਦੀਆਂ ਪਿੰਜਣੀਆਂ ਦੀ ਚਰਬੀ ਹੁਣ ਢਲ ਚੁਕੀ ਹੈ
ਪਰ ਉਸਦਾ ਖੂੰਡਾ ਅਜੇ ਵੀ ਉਵੇਂ ਹੀ ਖੜਕਦਾ ਹੈ।
ਉਹ ਹਲਟੀ ਤੇ ਨਹਾਉਂਦੇ ਜੁਆਕਾਂ ਲਈ
ਅਜੇ ਵੀ ਹਊਆ ਹੈ
ਤੇ ਸੰਗਰਾਂਦ ਨੂੰ ਸੰਗਤ 'ਚ ਉਵੇਂ ਹੀ ਗੜ੍ਹਕਦਾ ਹੈ।
ਉਸਨੂੰ ਸ਼ਿਕਵਾ ਹੈ ਕਿ ਜ਼ਮਾਨੇ ਨੂੰ ਅੱਗ ਲਗ ਗਈ ਹੈ
ਤੇ ਚੜ੍ਹਾਵਾ ਹੁਣ ਹਵਾ-ਮਾਫ਼ਕ ਹੀ ਚੜ੍ਹਦਾ ਹੈ
ਉਸਦੇ ਕਹਿਣ ਮੁਤਾਬਕ ਜੈਤੋਂ ਦੇ ਮੋਰਚੇ ਦੀ ਪੈਨਸ਼ਨ
ਨਾਲ ਵੀ ਉਸਦਾ ਗੁਜ਼ਾਰਾ ਮਸਾਂ ਤੁਰਦਾ ਹੈ
ਤੇ ਬੁਢਾਪੇ ਵਿਚ ਹੁਣ ਉਸ ਕੋਲ
ਕੌਣ ਖੜ੍ਹਦਾ ਹੈ?

ਮੇਰੇ ਪਿੰਡ-
ਇਥੇ, ਸ਼ਹਿਰ 'ਚ ਲੱਗੀ ਵਧੀਆ ਤੋਂ ਵਧੀਆ
ਪਿਕਚਰ 'ਚ ਬਾਲ੍ਹੋ ਮਿਰਾਸੀ ਦੀ ਗੱਲ ਵਰਗਾ
ਇਕ ਵੀ ਡਾਇਆਲਾਗ ਨਹੀਂ ਹੁੰਦਾ।
ਇਥੇ ਮਹੀਨੇ ਵਿਚ ਕਿੰਨੇ ਹੀ ਕਲਚਰਲ ਸ਼ੋਅ ਹੁੰਦੇ ਹਨ
ਪਰ ਇਨ੍ਹਾਂ ਦੇ ਕਿਸੇ ਗੀਤ ਵਿਚ ਵੀ
ਤੇਰੀ ਝਿੜੀ ਵਿਚ ਸ਼ਾਮ ਨੂੰ ਗਾਉਂਦੇ ਪੰਛੀਆਂ
ਤੇ ਚਾਟੀਆਂ ਵਿਚ ਘੁੰਮਦੀਆਂ ਮਧਾਣੀਆਂ
ਦੀ ਮਿੱਠੀ ਆਵਾਜ਼ ਦਾ ਸੰਗੀਤ ਨਹੀਂ ਹੁੰਦਾ
ਤੇ ਉਹ ਇਲਾਹੀ ਰਾਗ ਨਹੀਂ ਹੁੰਦਾ।

ਮੇਰੇ ਪਿੰਡ! ਕਦੇ ਫ਼ੁਰਸਤ ਮਿਲੀ ਤਾਂ ਜ਼ਰੂਰ ਆਵਾਂਗਾ
ਪਰ ਤੂੰ ਮੇਰੇ ਬੱਚਿਆਂ ਨੂੰ ਮੁਆਫ਼ ਕਰ ਦੇਈਂ ਮੇਰੇ ਪਿਆਰ!
ਕਿਉਂ ਕਿ ਉਹ ਤੇਰੇ ਗਹੀਰਿਆਂ ਨੂੰ ਬੜੇ ਗਹੁ ਨਾਲ ਤਕਣਗੇ
ਤੇ ਖੂਹ ਤੇ ਵਗਦੇ ਬੋਤੇ ਨੂੰ ਵੇਖ ਕੇ
ਮੈਨੂੰ ਪਤਾ ਹੈ ਉਹ ਬਹੁਤ ਡਰਨਗੇ।
ਛੱਪੜ ਵਿਚ ਨਹਾਉਂਦੀਆਂ ਮੱਝਾਂ ਨੂੰ ਉਹ ਗੰਦੀਆਂ ਕਹਿਣਗੇ
ਤੇ ਅਗਲੇ ਦਿਨ ਉਹ ਸ਼ਹਿਰ ਪਰਤਣ ਲਈ
ਵੀ ਜ਼ਿਦ ਕਰਨਗੇ।

ਪਰ ਪਿੰਡ-ਮੇਰੇ ਪਿਆਰੇ ਪਿੰਡ
ਮੈਂ ਸ਼ਹਿਰ ਵਿਚ ਵਸਦਾ ਹਾਂ
ਤੇ ਤੂੰ ਮੇਰੇ ਦਿਲ 'ਚ ਵਸਦਾ ਹੈਂ ਤੇ ਵਸਦਾ ਰਹੇਂਗਾ!
ਮੈਂ ਜੇ ਨਾ ਵੀ ਆ ਸਕਾਂ ਤਾਂ ਗ਼ਮ ਨਾ ਕਰੀਂ
ਮੈਂ ਹਰ ਆਏ ਗਏ ਤੋਂ ਤੇਰੀ ਸੁਖ-ਸਾਂਦ ਪੁਛਦਾ ਰਹਾਂਗਾ
ਤੇ ਤੈਨੂੰ ਦਸਦਾ ਰਹਾਂਗਾ।

ਮੇਰੇ ਪਿੰਡ-
ਵੈਸੇ ਮੈਂ ਆਪਣੇ ਬੱਚਿਆਂ ਨੂੰ ਆਪਣੀ ਵਸੀਅਤ ਵਿਚ ਆਖਿਆ ਹੈ
ਕਿ ਉਹ ਮਰਨ ਪਿੱਛੋਂ ਮੇਰੀ ਲਾਸ਼ ਨੂੰ ਤੇਰੇ ਕੋਲ ਲੈ ਆਉਣ
ਤੇ ਤੇਰੇ ਉਨ੍ਹਾਂ ਸਿਵਿਆਂ ਵਿਚ ਹੀ ਲਾਂਬੂ ਲਾਉਣ
ਜਿਥੇ ਮੇਰੇ ਪਿਉ, ਉਸਦੇ ਪਿਉ ਦਾ ਪਿਓ
ਤੇ ਉਸਦੇ ਵੀ ਪਿਓ ਦਾ ਪਿਓ
ਸੁੱਤੇ ਪਏ ਹਨ-
ਕਿਉਂ ਏਥੇ ਸ਼ਹਿਰ ਦੇ ਚਾਨਣ ਵਿਚ ਵੀ
ਯਾਰਾ ਹਨੇਰ ਹੀ ਢੋਈਦਾ ਹੈ
ਅਤੇ ਇਸ ਦੇ ਸੁਰਗ ਵਿਚ ਵੀ ਜਾਣੀਂਦੀ ਨਰਕ ਹੀ ਭਰੀਦਾ ਹੈ।
ਯਕੀਨ ਜਾਣੀਂ ਮੇਰੇ ਪਿੰਡ
ਇਥੇ ਤਾਂ ਨਾ ਜੀਂਦੀਆਂ ਚੱਜ ਨਾਲ ਜੀਈਂਦਾ ਹੀ ਹੈ
ਤੇ ਨਾ ਹੀ ਮਰਨ ਲਗਿਆਂ ਚੱਜ ਨਾਲ ਮਰੀਦਾ ਹੈ!

♣

ਧਰਤ ਵੇਖੀ ਅਸਮਾਨ ਨੇ ਰੰਗ ਵਟਿਆ,
ਨਿਕਲੀ ਤੇਗ਼ ਜਦ ਉਗਲੀ ਮਿਆਨ ਵਿਚੋਂ।
ਜ਼ੋਰ ਜ਼ੱਰਾ ਦਰ ਪੱਤਾ ਸ਼ਾਖ਼ੇਜ਼ ਹੋਇਆ,
ਮੰਗੇ ਸੀਸ ਜਦ ਉਹੋ ਦੀਵਾਨ ਵਿਚੋਂ।
ਬੁਜ਼ਦਿਲ ਨੱਠ ਗਏ ਮੌਤ ਨੂੰ ਵੇਖ ਕਾਂਦੇ,
ਨਿੱਤਰੇ ਪੰਜ ਹੀ ਸ਼ੇਰ ਮੈਦਾਨ ਵਿਚੋਂ।
ਦੇ ਕੇ ਸੀਸ ਜਦ ਸਦਾ ਲਈ ਅਮਰ ਹੋ ਗਏ,
ਦੱਬਵੀ ਕੌਮ ਫਿਰ ਖੜ੍ਹੀ ਜਹਾਨ ਵਿਚੋਂ।

ਦੱਸ ਸ਼ੈਦਾਈਆਂ ਜੀਣਾ ਤਲਵਾਰ ਸੰਗ,
ਨਫ਼ਰਤ ਜ਼ੁਲਮ ਧਕਾਂ ਤੇ ਸੀਸ ਦੇਣੀ ਨਹੀਂ।
ਕਹਿਣ ਕੌਮਾਂ ਨੇ ਕੀਆਂ ਜਹਾਨ ਉੱਤੇ,
ਅੱਧਰ ਵਿਕਣੇ ਨਾਲ ਦੀ ਸੀਸ ਦੇਣੀ ਨਹੀਂ।

— ਸ਼ੇਰ ਸਿੰਘ ਵੈਦ